ਪੰਥ ਦੀ ਚੜ੍ਹਦੀ ਕਲਾ ਲਈ

ਤੱਤ ਗੁਰਮਤਿ ਖੋਜ

ਅਤੇ

ਵਿਚਾਰ

ਭੇਟਾ–ਆਪ ਪੜ੍ਹ ਕੇ ਅੱਗੇ ਤੋਂ ਅੱਗੇ
ਕਿਸੇ ਹੋਰ ਨੂੰ ਦੇਂਦੇ ਜਾਓ ਜੀ।

ਬਾਹਰਵੀਂ ਵਾਰ ਜੂਨ 2011 6000 ਕਾਪੀਆਂ

ਲੇਖਕ :
ਹਰਮਹਿੰਦਰ ਸਿੰਘ (ਸਾਬਕਾ ਮੀਤ ਸਕੱਤਰ)
ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।
ਮੋਬਾਇਲ : 80546-27849

ਕੁਝ ਗੁਰਮਤਿ ਦੇ ਤੱਤ ਅਸੂਲ

1. ਬਿਨ ਗੁਰ ਪੂਰੇ ਨਾਹੀ ਉਧਾਰ ॥ ਬਾਬਾ ਨਾਨਕ ਆਖੈ ਏਹੁ ਬੀਚਾਰੁ ॥ (ਅੰਗ 886, ਗੁ. ਗ੍ਰੰ. ਸਾ.)
(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧੀਨ/ਹੁਕਮ-ਤਾਬਿਆ ਕਥਨੀ ਕਰਨੀ ਦੇ ਮਾਲਕ ਪੂਰਨ ਰਹਿਤਵਾਨ ਪੰਜ ਅੰਮ੍ਰਿਤਧਾਰੀ ਸਿੱਘ ਗੁਰੂ ਗ੍ਰੰਥ ਸਾਹਿਬ ਵਲੋਂ ਗੁਰਮੰਤ੍ਰ, ਗੁਰ ਉਪਦੇਸ਼ ਦੇਣ ਦੇ ਅਧਿਕਾਰੀ ਹਨ ।)
2. ਧ੍ਰਿਗ ਖਾਣਾ ਧ੍ਰਿਗ ਪੈਨ੍ਹਣਾ ਜਿਨਾ ਦੂਜੇ ਭਾਇ ਪਿਆਰੁ ॥ ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜਮਹਿ ਹੋਇ ਖੁਆਰੁ ॥ (ਜੋ ਪੂਰੇ ਗੁਰੂ, ਗੁਰੂ ਗ੍ਰੰਥ ਸਾਹਿਬ ਨੂੰ ਛੱਡਕੇ ਹੋਰ ਕੱਚੇ ਪਿੱਲੇ ਗੁਰੂ ਦੇ ਪਿਛੇ ਲਗੇ ਹੋਏ ਹਨ ।) (ਅੰਗ 1347)
3. ਸਤਿਗੁਰ (ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤਿ ਗੁਰੂ ਗ੍ਰੰਥ ਸਾਹਿਬ) ਤੇ ਜੋ ਮੁਹੁ ਫੇਰੇ ਓਇ ਭ੍ਰਿਸਟੇ ਨਾ ਟਿਕਨਿ ॥ ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥ (ਅੰਗ 283)
4. ਸਤਿਗੁਰ ਦਾਤਾ ਰਾਮ ਨਾਮ ਕਾ ਹੋਰ ਦਾਤਾ ਕੋਈ ਨਾਹੀ ॥
(ਵਾਹਿਗੁਰੂ ਨਾਮ ਗੁਰਮਤਿ ਨਾਮ ਹੈ) (ਅੰਗ 1258)
5. ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥
(ਜਿਨ੍ਹਾਂ ਪੰਜਾਂ ਪਿਆਰਿਆਂ ਤੋਂ ਗੁਰਮੰਤ੍ਰ ਨਹੀਂ ਲਿਆ)।
6. ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ ॥ (ਵਾਰ 18 ਭਾ. ਗੁਰਦਾਸ ਜੀ)
7. ਸਾਸਿ ਗਿਰਾਸਿ ਸਦਾ ਮਨਿ ਵਸੈ ਜਮੁ ਜੋਹਿ ਨ ਸਕੈ ਤਿਸੁ ॥ (ਅੰਗ 854)
8. ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥
ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਈ ॥ (ਅੰਗ 35)
9. ਹਰਿ ਸੇਵਹੁ ਖਿਨੁ ਖਿਨੁ ਢਿਲ ਮੂਲ ਨ ਕਰਿਹੁ
ਜਿਤੁ ਅਸਥਿਰੁ ਜੁਗ ਜੁਗ ਹੋਵਹੁ ॥ (ਅੰਗ 77)
10. ਊਠਤ ਬੈਠਤ ਸੋਵਤ ਧਿਆਈਐ ਮਾਰਗਿ ਚਲਤ ਹਰੇ ਹਰਿ ਗਾਈਐ ॥ (379)
11. ਜਿਨ ਕਉ ਕ੍ਰਿਪਾ ਕਰਤ ਹੈ ਗੋਬਿੰਦੁ ਤੇ ਸਤਸੰਗਿ ਮਿਲਾਤ ॥ (ਅੰਗ 1251)
12. ਖੋਜਤ ਖੋਜਤ ਸੁਣੀ ਇਹ ਸੋਇ ਸਾਧ ਸੰਗਤਿ ਬਿਨ ਤਰਿਓ ਨ ਕੋਇ ॥ (373)
13. ਜਾ ਕੈ ਹਰਿ ਵਸਿਆ ਮਨ ਮਾਹੀ ਤਾ ਕਉ ਦੁਖ ਸੁਪਨੈ ਭੀ ਨਾਹੀ ॥ (193)
13ੲ ਨਾਮ ਅਉਖਧੁ ਜਿਹ ਰਿਦੈ ਹਿਤਾਵੈ ਤਾਹਿ ਰੋਗੁ ਸੁਪਨੈ ਨਹੀ ਆਵੈ॥ (259)
14. ਅਨਿਕ ਬਿਘਨ ਜਹ ਆਇ ਸੰਘਾਰੈ ਹਰਿ ਕਾ ਨਾਮੁ ਤਤੁ ਕਾਲ ਉਧਾਰੈ ॥(264)
15. ਐਸਾ ਜਗੁ ਦੇਖਿਆ ਜੂਆਰੀ ॥ ਸਭਿ ਸੁਖ ਮਾਗੈ ਨਾਮੁ ਬਿਸਾਰੀ ॥ (222)
16. ਸੇ ਦਾੜ੍ਹੀਆਂ ਸਚੀਆਂ ਜਿ ਗੁਰ ਚਰਨੀ ਲਗੰਨ੍ਹਿ ॥ (ਅੰਗ 1419)
(ਕੱਟੀਆਂ ਤੇ ਬੱਧੀਆਂ ਗੁਰ ਚਰਨੀ ਨਹੀਂ ਲੱਗਦੀਆਂ)
17. ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ (ਅੰਗ 1200)

ਪੰਥ ਦੀ ਚੜ੍ਹਦੀ ਕਲਾ ਲਈ
ਤੱਤ ਗੁਰਮਤਿ ਖੋਜ ਅਤੇ ਵਿਚਾਰ

ਕੋਈ ਸਮਾਂ ਸੀ ਜਦ ਸਿੰਘਾਂ (ਦਾੜ੍ਹੀਏ ਅਤੇ ਅਨਦਾੜ੍ਹੀਏ) ਦੇ ਸਿਰਾਂ ਦੇ ਮੁੱਲ ਨੀਅਤ ਕੀਤੇ ਗਏ ਸਨ। ਇਸ ਕਾਰਣ ਸਿੰਘ ਆਪਣੇ ਘਰ-ਬਾਰ ਤਿਆਗ ਕੇ ਜੰਗਲ-ਬੇਲਿਆਂ ਆਦਿ ਵਿਚ ਚਲੇ ਗਏ ਸਨ ਪਰ ਫੇਰ ਵੀ ਪੰਥ ਦੀ ਬਹੁਤ ਚੜ੍ਹਦੀ ਕਲਾ ਸੀ ਅਤੇ ਕਿਸੇ ਇਕ ਨੇ ਵੀ ਸਿੱਖੀ ਨੂੰ ਪਿੱਠ ਨਹੀਂ ਸੀ ਦਿੱਤੀ। ਸਾਸ-ਗ੍ਰਾਸੀ ਨਾਮ ਸਿਮਰਨ, ਬਾਣੀ ਬਾਣੇ ਰਹਿਤ ਅਤੇ ਸਤਿਗੁਰੂ ਜੀ ਦੇ ਸਮੂਹ ਹੁਕਮਾਂ ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਂਦੇ ਹੋਏ ਹਰ ਹੁਕਮ ਨੂੰ ਹਿਰਦੇ ਨਾਲ ਲਾ ਕੇ ਰਖਿਆ ਸੀ। ਇਹੀ ਕਾਰਣ ਸੀ ਕਿ ਸਤਿਗੁਰਾਂ ਦਾ ਮਿਹਰਾਂ ਭਰਿਆ ਹੱਥ ਉਹਨਾਂ ਦੇ ਸਿਰ ਤੇ ਹੋਣ ਕਾਰਣ, ਕਹਿਣ ਕਥਨ ਤੋਂ ਪਰ੍ਹੇ ਅੰਤਾਂ ਦਾ ਮੁਸਲਮਾਨੀ ਰਾਜ ਦਾ ਜ਼ੁਲਮ, ਨਾ ਕੋਈ ਚੱਜ ਦੇ ਹਥਿਆਰ, ਨਾ ਕਿਸੇ ਪ੍ਰਕਾਰ ਦੀ ਦੁਨਿਆਵੀ ਮਦਦ, ਨਾ ਕੁਝ ਖਾਣ ਨੂੰ, ਨਾ ਪੀਣ ਨੂੰ ਹੋਣ ਦੇ ਬਾਵਜੂਦ ਥੋੜੇ ਸਮੇਂ ਵਿਚ ਹੀ ਸੈਂਕੜੇ ਸਾਲਾਂ ਦੀਆਂ ਮੁਸਲਮਾਨੀ ਰਾਜ ਦੀਆਂ ਪੱਕੀਆਂ ਗੱਡੀਆਂ ਹੋਈਆਂ ਜੜ੍ਹਾਂ ਨੂੰ ਉਖਾੜ ਕੇ ਕਾਬਲ ਤੱਕ ਖਾਲਸਾ ਰਾਜ ਦੇ ਝੰਡੇ ਝੁਲਾ ਦਿਤੇ।

ਪਰ ਅੱਜ ਸਾਰਾ ਗੁਰਮੁਖ ਸਿੱਖ ਜਗਤ ਇਸ ਗੱਲ ਤੋਂ ਦੁਖੀ ਹੈ ਕਿ ਪੁਰਾਤਨ ਸਮੇਂ ਦੇ ਮੁਕਾਬਲੇ ਪੰਥ ਕੋਲ ਹਰ ਤਰ੍ਹਾਂ ਦੀ ਸਹੂਲਤ ਹੋਣ ਦੇ ਬਾਵਜੂਦ ਪੰਥ ਚੜ੍ਹਦੀ ਕਲਾ ਵਿਚ ਜਾਣ ਦੀ ਥਾਂ ਅਤਿ ਨਿਘਰਦੀ ਕਲਾ ਵਲ ਧਕਿਆ ਜਾ ਰਿਹਾ ਹੈ। ਅੱਜ ਦਾ ਸਿੱਖ ਨੌਜਵਾਨ ਗੁਰਸਿੱਖੀ ਰੂਪ, ਵੇਸ ਤੇ ਗੁਰਮੁਖਤਾਈ ਜੀਵਨ ਤਿਆਗ ਕੇ ਭਿਆਨਕ ਰੂਪ ਧਾਰ ਬੁਰੀ ਤਰ੍ਹਾਂ ਨਸ਼ਿਆਂ ਤੇ ਪਤਿਤਪੁਣੇ ਵਿਚ ਗਲਤਾਨ ਹੈ। ਕੇਵਲ ਨੌਜੁਆਨ ਹੀ ਨਹੀਂ ਬਲਕਿ ਵੱਡੀ ਗਿਣਤੀ ਵਿਚ ਸਿੱਖ ਜਾਂ ਤੇ ਬੇ-ਅੰਮ੍ਰਿਤੀਏ ਹਨ ਜਾਂ ਅੰਮ੍ਰਿਤ ਛਕ ਕੇ ਬੱਜਰ ਕੁਰਹਿਤੀਏ ਬਣ ਸਤਿਗੁਰੂ ਜੀ ਦੇ ਭੈਅ ਤੋਂ ਰਹਿਤ ਬੇਸ਼ਰਮੀ ਨਾਲ ਨੀਚਤਾ ਭਰਿਆ ਜੀਵਨ ਬਤੀਤ ਕਰ ਰਹੇ ਹਨ। ਅਨੇਕਾਂ ਆਪੇ ਬਣੇ ਗੁਰੂ ਬਾਬੇ ਤੇ ਹੋਰ ਕਈ ਵੱਡੀਆਂ ਸ਼ਖਸੀਅਤਾਂ ਵੀ ਇਸ ਵਿਚ ਸ਼ਾਮਲ ਹਨ। ਅੱਜ 63 ਸਾਲ ਹੋ ਗਏ ਹਨ ਪੰਥ ਨੂੰ ਸਤਿਗੁਰੂ ਪਾਸ ਪੰਥ ਤੋਂ ਵਿਛੜੇ ਗੁਰਧਾਮਾਂ ਦਾ ਪ੍ਰਬੰਧ ਅਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ਣ ਲਈ। ਗੁਰਬਾਣੀ ਦਾ ਫੁਰਮਾਣ ਹੈ: 'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ' ਕੀ ਗੁਰਬਾਣੀ ਗਲਤ ਲਿਖੀ ਹੋਈ ਹੈ ? ਜਾਂ, ਕੀ ਪੰਥ ਵਿਚ ਕੋਈ ਵੀ ਜਨ ਨਹੀਂ ? ਗੁਰਬਾਣੀ 100% ਸੱਚ ਹੈ ਤੇ ਪੰਥ ਵਿਚ ਜਨ ਵੀ ਹਨ। ਪਰ ਫੇਰ ਵੀ ਸਾਡੀ ਕਿਉਂ ਨਹੀਂ ਸੁਣੀ ਗਈ। ਗਹਿਰਾਈ ਨਾਲ ਵਿਚਾਰਨ ਤੇ ਸਪੱਸ਼ਟ ਹੈ ਕਿ ਅਸੀਂ ਅਰਦਾਸ ਕਰਦੇ ਹਾਂ ਗੁਰਧਾਮਾਂ ਦਾ ਪ੍ਰਬੰਧ 'ਖਾਲਸਾ ਜੀ' ਨੂੰ ਸੌਂਪਣ ਲਈ ਪਰ ਇਸ

ਸਾਰੇ ਸਮੇਂ ਵਿਚ ਪ੍ਰਧਾਨਤਾ ਤੇ ਬੋਲ ਬਾਲਾ ਤਾਂ ਬਹੁਰੂਪੀ ਅੰਦਰੋਂ ਹੋਰ,ਬਾਹਰੋਂ ਹੋਰ ਖਾਲਸੇ ਦਾ ਹੀ ਰਿਹਾ ਹੈ। ਇਹ ਕੋਈ ਲੁਕੀ ਛਿਪੀ ਗੱਲ ਨਹੀਂ। ਆਮ ਤੌਰ ਤੇ ਹਰ ਗੁਰਦੁਆਰੇ ਅਤੇ ਸੰਸਥਾ ਦੇ ਪ੍ਰਬੰਧਕ ਸ਼ਰਾਬੀ ਕਬਾਬੀ ਅਤੇ ਮਾਯਾਧਾਰੀ, ਜਿਸ ਨੂੰ ਸਤਿਗੁਰੂ ਜੀ ਅਤਿ ਅੰਨ੍ਹਾ ਬੋਲਾ ਕਹਿੰਦੇ ਹਨ, ਹੀ ਹਨ। ਕੀ ਉਹ ਸਭ ਬਹੁਰੂਪੀ ਖਾਲਸਾ ਦੇ ਲੱਛਣ ਨਹੀਂ ? ਕੀ ਸਤਿਗੁਰੂ ਜੀ ਐਸੇ ਜੀਵਨ ਵਾਲੇ ਖਾਲਸੇ ਨੂੰ ਗੁਰਧਾਮਾਂ ਦਾ ਪ੍ਰਬਧ ਸੌਂਪ ਦੇਣ ? ਨਾ ਉਹ ਐਸਾ ਕਰ ਸਕਦੇ ਹਨ ਤੇ ਨਾ ਹੀ ਸਾਡੀ ਐਸੀ ਅਰਦਾਸ ਹੈ। ਇਸੇ ਪ੍ਰਕਾਰ ਪਤਿੱਤਪੁਣੇ ਨੂੰ ਠੱਲ ਪਾਣ ਲਈ ਅਨੇਕਾਂ ਪ੍ਰਕਾਰੀ ਯਤਨ ਅਤੇ ਅਰਦਾਸਾਂ ਕੀਤੀਆਂ ਜਾ ਰਹੀਆਂ ਹਨ ਪਰ ਦਿਨ ਪ੍ਰਤੀਦਿਨ ਇਹ ਬੀਮਾਰੀ ਵਧਦੀ ਹੀ ਜਾ ਰਹੀ ਹੈ। ਦਰਅਸਲ ਇਸ ਬੀਮਾਰੀ ਦੇ ਅਤੇ ਪੰਥ ਦੇ ਢਹਿੰਦੀਆਂ ਕਲਾਂ ਵਿਚ ਜਾਣ ਦੇ ਮੂਲ ਕਾਰਣਾਂ ਤੋਂ ਅਸੀਂ ਅਨਜਾਣ ਹਾ ਜਿਸ ਕਾਰਣ ਸਫਲਤਾ ਨਹੀਂ ਮਿਲ ਰਹੀ। ਦਾਸ ਆਪਣੇ ਪ੍ਰੈਕਟੀਕਲ ਜੀਵਨ ਦੇ ਅਧਾਰ ਤੇ ਅਤੇ ਸਤਿਗੁਰੂ ਜੀ ਦੀ ਪ੍ਰੇਰਣਾ ਸਦਕਾ ਇਸ ਪੁਸਤਕ 'ਚ ਜੋ ਮੂਲ ਕਾਰਣ ਦਰਸਾਏ ਹਨ ਉਨ੍ਹਾਂ ਨੂੰ ਅਪਨਾਉਣ, ਪੰਥ ਦੇ ਇਨ੍ਹਾਂ ਅਸੂਲਾਂ ਉਤੇ ਪਹਿਰਾ ਦੇਣ ਨਾਲ ਪੰਥ ਉਤੇ ਸਤਿਗੁਰੂ ਜੀ ਦੀਆਂ ਅਪਾਰ ਖੁਸ਼ੀਆਂ ਅਵੱਸ਼ ਹੋਣਗੀਆਂ ਅਤੇ ਸਾਰੇ ਜਗਤ ਵਿਚ ਪੰਥ ਖਾਲਸੇ ਦੀ ਸਦਾ ਜੈ ਜੈ ਕਾਰ ਹੋਵੇਗੀ। ਵਿਛੜੇ ਗੁਰਧਾਮਾਂ ਦਾ ਪ੍ਰਬੰਧ ਵੀ ਅਵੱਸ਼ ਖਾਲਸਾ ਜੀ ਨੂੰ ਮਿਲੇਗਾ।

ਮੂਲ ਕਾਰਣ ਇਹ ਦੋ ਹਨ :

(1) ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਿੰਨ ਪ੍ਰਕਾਰੀ ਘੋਰ ਬੇਅਦਬੀ

(2) ਰਹਿਤ ਮਰਯਾਦਾ ਵਿਚ ਅਨੇਕਾਂ ਢਿੱਲਾਂ।

(1) (ੳ) ਜਦ ਅਸੀਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਤੱਖ ਗੁਰਾਂ ਦੀ ਦੇਹ ਮੰਨਦੇ ਹਾਂ, ਅਕਾਲ ਪੁਰਖ ਜੀ ਦਾ ਨਿਜ ਸਰੂਪ ਮੰਨਦੇ ਹਾਂ, ਸਰਬ ਸ਼ਕਤੀਮਾਨ, ਸਰਬ ਕਲਾ ਸਮਰੱਥ ਮੰਨਦੇ ਹਾਂ, ਅੰਧ ਕੂਪ ਮਹਾਂ ਭਿਆਨ ਭਵਜਲ ਸੰਸਾਰ ਸਾਗਰ ਤੋਂ ਪਾਰ ਲੰਘਾਉਣ ਵਾਲੇ ਬੋਹਿਥ ਮੰਨਦੇ ਹਾਂ, ਪ੍ਰਕਾਸ਼ ਕਰਨ ਲਈ ਸੋਨੇ ਦੀਆਂ ਪਾਲਕੀਆਂ ਵਿਚ ਸੁਸ਼ੋਭਿਤ ਕਰਦੇ ਹਾਂ ਤਾਂ ਫੇਰ ਕੀ ਅਸੀਂ ਇਨ੍ਹਾਂ ਨੂੰ ਆਮ ਵਸਤੂਆਂ ਵਾਂਗ ਵੇਚਣ ਕਾਰਣ ਇਨ੍ਹਾਂ ਦੀ ਘੋਰ ਬੇਅਦਬੀ ਨਹੀਂ ਕਰਦੇ ? ਸਤਿਗੁਰੂ ਜੀ ਦੀ ਬਾਣੀ ਵਿਚ ਉਪ੍ਰੋਕਤ ਵਿਚਾਰ ਦੀ ਪ੍ਰੋੜ੍ਹਤਾ ਹਿਤ ਗੁਰਵਾਕ :

(1) ਨਾਨਕੁ ਸੋਧੇ ਸਿਮ੍ਰਿਤ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥ (1142)

(2) ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥ (710)

(3) ਗੁਰ ਗੋਵਿੰਦ ਗੋਵਿੰਦ ਗੁਰੂ ਹੈ ਨਾਨਕ ਭੇਦੁ ਨ ਭਾਈ ॥ (442)

(4) ਮੁੱਲਿ ਅਮੋਲੁ ਨ ਪਾਈਐ ਵਣਜਿ ਨ ਲੀਜੈ ਹਾਟਿ ॥ (1087)

ਸੋ ਸਤਿਗੁਰੂ ਜੀ ਦੇ ਅਦਬ ਸਤਿਕਾਰ ਨੂੰ ਮੁਖ ਰਖਦੇ ਹੋਏ ਸਤਿਗੁਰੂ ਜੀ ਦੇ ਸਰੂਪ ਦਾ ਹੱਟੀਆਂ ਤੇ ਵਣਜ ਬੰਦ ਕਰਕੇ ਕੇਵਲ ਤੇ ਕੇਵਲ ਸ਼੍ਰੋਮਣੀ ਗੁ ਪ੍ਰ. ਕਮੇਟੀ ਵਲੋਂ ਛਪਣੇ ਚਾਹੀਦੇ ਹਨ ਅਤੇ ਮੋਖ ਰਹਿਤ ਅਧਿਕਾਰੀ ਜਨਾਂ, ਸੰਸਥਾਵਾਂ, ਗੁਰਧਾਮਾਂ, ਦੀ ਲਿਖਤੀ ਬੇਨਤੀ ਤੇ ਪੂਰੀ ਛਾਣ-ਬੀਣ, ਘੋਖ ਕਰਨ ਉਪਰੰਤ ਲੋੜ ਅਨੁਸਾਰ ਹੀ ਪੂਰੇ ਸਤਿਕਾਰ ਸਹਿਤ ਭੇਟ ਕਰਨੇ ਚਾਹੀਦੇ ਹਨ। ਪੂਰੇ ਦੇਸ਼ ਵਿਚ ਕਈ ਗੁਰਧਾਮਾਂ 'ਚ ਸੈਂਟਰ ਥਾਪੇ ਜਾਣੇ ਚਾਹੀਦੇ ਹਨ ਜਿਥੋਂ ਇਲਾਕੇ ਦੀ ਸੰਗਤ ਨੂੰ ਮਹਾਰਾਜ ਜੀ ਦੇ ਸਰੂਪ ਅਦਬ ਸਹਿਤ ਭੇਟਾ ਕੀਤੇ ਜਾ ਸਕਣ। ਵਿਦੇਸ਼ਾਂ ਵਿਚ ਵੀ ਏਹੀ ਪ੍ਰਬੰਧ ਹੋਣਾ ਚਾਹੀਦਾ ਹੈ। ਹਾਂ ਅਗਰ ਕੋਈ ਆਪਣੀ ਸ਼ਰਧਾ ਨਾਲ ਜਿਤਨੀ ਵੀ ਮਾਯਾ ਭੇਟ ਕਰਨੀ ਚਾਹੇ ਉਹ ਸਵੀਕਾਰ ਕਰਕੇ ਰਸੀਦ ਕੱਟੀ ਜਾ ਸਕਦੀ ਹੈ ਅਤੇ ਜਿਸ ਪ੍ਰਕਾਰ ਲੰਗਰ ਦੀ ਸੇਵਾ ਲਈ ਮਾਇਕ ਕਾਊਂਟਰ ਬਣਾਏ ਗਏ ਹਨ ਅਤੇ ਅਖਬਾਰਾਂ ਰਾਹੀਂ ਸੰਗਤਾਂ ਨੂੰ ਸੇਵਾ ਲਈ ਬੇਨਤੀ ਕੀਤੀ ਜਾਂਦੀ ਹੈ ਉਸੇ ਪ੍ਰਕਾਰ ਭੇਟਾ ਰਹਿਤ ਮਹਾਰਾਜ ਜੀ ਦੇ ਸਰੂਪਾਂ ਦੇ ਪ੍ਰਬੰਧ ਲਈ ਵੀ ਸੰਗਤਾਂ ਤੋਂ ਮਾਇਕ ਸੇਵਾ ਹਿਤ ਕਾਊਂਟਰ ਸਥਾਪਿਤ ਕੀਤੇ ਜਾ ਸਕਦੇ ਹਨ। ਸਤਿਗੁਰੂ ਜੀ ਤੇ ਪੂਰਨ ਭਰੋਸਾ ਰੱਖ ਕੇ ਬਿਨਾਂ ਹੋਰ ਦੇਰੀ ਕੀਤੇ ਭੇਟਾ ਰਹਿਤ ਸਰੂਪਾਂ ਦੀ ਸੇਵਾ ਅਰੰਭ ਕਰ ਦੇਣੀ ਚਾਹੀਦੀ ਹੈ। ਕਦੀ ਵੀ ਕੋਈ ਕਮੀ ਨਹੀਂ ਰਹਿ ਸਕਦੀ। ਸੰਗਤ ਕਾਮਧੇਨ ਹੈ। ਅਨੇਕਾਂ ਗੁਰੂ ਕੇ ਲਾਲ ਇਸ ਸੇਵਾ ਲਈ ਸਾਰੀ ਉਮਰ ਲਈ ਮਾਹਵਾਰੀ ਰਸੀਦ ਕਟਾਉਣ ਲਈ ਨਿੱਤਰ ਆਉਣਗੇ ਅਤੇ ਹੋਰ ਸਰਦੀ ਪੁਜਦੀ ਸੰਗਤ ਗਹਿਰੇ ਮਾਯਾ ਦੇ ਗੱਫੇ ਅਰਦਾਸ ਕਰਾਉਣਗੇ ਜਿਸ ਸਦਕਾ ਇਸ ਮਦ ਤੋਂ ਮੌਜੂਦਾ ਮਾਇਕ ਪ੍ਰਾਪਤੀ ਨਾਲੋਂ ਕਿਤੇ ਵਧ ਮਾਇਆ ਆਉਣੀ ਯਕੀਨੀ ਹੈ।

1. (ਅ) ਗੁਰੂ ਮਹਾਰਾਜ ਜੀ ਦੇ ਸਰੂਪ ਦਾ ਪਦ-ਛੇਦ ਕਰਨਾ

ਏਸ ਸਬੰਧ ਵਿਚ ਵੇਰਵੇ ਦੀ ਲੋੜ ਨਹੀਂ ਕਿਉਂਕਿ ਪੰਥ ਦੀਆਂ ਉਘੀਆਂ ਸੰਸਥਾਵਾਂ ਸ਼੍ਰੋਮਣੀ ਗੁ. ਪ੍ਰ. ਕਮੇਟੀ ਅਤੇ ਚੀਫ ਖਾਲਸਾ ਦੀਵਾਨ ਬਹੁਤ ਦੀਰਘ ਵੀਚਾਰ ਅਤੇ ਖੋਜ ਪੜਤਾਲ ਉਪ੍ਰੰਤ ਸਤਿਗੁਰੂ ਜੀ ਦੀ ਕ੍ਰਿਤ ਲੜੀਵਾਰ ਸਰੂਪ ਨੂੰ ਬਰਕਰਾਰ ਰੱਖਣ ਲਈ ਹੇਠ ਲਿਖੇ ਮਤੇ ਪਾਸ ਕਰ ਚੁਕੀਆਂ ਹਨ :

(1) ਕਾਰਜ ਸਾਧਕ ਕਮੇਟੀ (ਚੀਫ ਖਾਲਸਾ ਦੀਵਾਨ)

ਮਤਾ ਨੰਬਰ 2682 ਮਿਤੀ 21-1-1945

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਤੋਂ ਅਖੰਡ ਪਾਠ ਹੋਣ ਸਬੰਧੀ ਮੁਆਮਲਾ ਸਲਾਹਕਾਰਾਂ ਦੀਆਂ ਰਾਵਾਂ ਸਮੇਤ ਪੇਸ਼ ਹੋਇਆ, ਆਗਿਆ ਹੋਈ ਕਿ ਨਾ ਹੀ ਐਸੀ ਬੀੜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਜਾਇਜ਼ ਹੈ ਤੇ ਨਾ ਹੀ ਇਸ ਤੋਂ ਅਖੰਡ ਪਾਠ ਕਰਨਾ ਜਾਇਜ਼ ਹੈ ਤੇ ਪਦ-ਛੇਦ

ਕਰਕੇ ਸਾਰੀ ਬੀੜ ਇਕ ਜਿਲਦ ਵਿਚ ਛਾਪਣੀ ਨਾ ਮੁਨਾਸਿਬ ਹੈ ਤੇ ਪੰਥ ਲਈ ਹਾਨੀਕਾਰਕ ਹੈ। ਸ਼੍ਰੋਮਣੀ ਗੁ. ਪ੍ਰ. ਕਮੇਟੀ ਨੂੰ ਇਸ ਫੈਸਲੇ ਦੀ ਨਕਲ ਭੇਜੀ ਜਾਵੇ ਤੇ ਆਮ ਅਖਬਾਰਾਂ ਵਿਚ ਵੀ ਪ੍ਰਕਾਸ਼ਤ ਕੀਤੀ ਜਾਵੇ।

(2) ਗੁਰਮਤਾ ਨੰ: 7 ਮਿਤੀ 1-7-1950 ਧਾਰਮਿਕ ਕਮੇਟੀ
ਸ਼੍ਰੋਮਣੀ ਗੁ: ਪ੍ਰ: ਕਮੇਟੀ

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਛਾਪਣ ਜਾਂ ਪ੍ਰਕਾਸ਼ ਕਰਨ ਸੰਬੰਧੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦਾ ਗੁਰਮਤਾ 1637 ਮਿਤੀ 29-5-1950 ਜਿਸ ਵਿਚ ਧਾਰਮਿਕ ਸਲਾਹਕਾਰ ਕਮੇਟੀ ਦੀ ਰਾਏ ਪੁੱਛੀ ਸੀ, ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਜਿਤਨਾ ਚਿਰ ਪੰਥਕ ਤੌਰ 'ਤੇ ਇਸ ਬਾਰੇ ਕੋਈ ਫੈਸਲਾ ਨਾ ਹੋ ਜਾਵੇ ਕਿਸੇ ਇਕ ਪੁਰਸ਼ ਨੂੰ ਜਾਂ ਸਭਾ ਸੁਸਾਇਟੀ ਨੂੰ ਪਦ-ਛੇਦ ਬੀੜ ਨਹੀਂ ਛਾਪਣੀ ਚਾਹੀਦੀ ਤੇ ਨਾ ਹੀ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ।"

ਸਤਿਗੁਰੂ ਜੀ ਤ੍ਰੈਕਾਲ ਦਰਸ਼ੀ ਹਨ। ਕੀ ਉਹ ਇਹ ਨਹੀਂ ਜਾਣਦੇ ਸੀ ਕਿ ਆਉਣ ਵਾਲੇ ਸਮੇਂ ਵਿਚ ਸਿੱਖਾਂ ਨੂੰ ਲੜੀਵਾਰ ਸਰੂਪ ਤੋਂ ਪਾਠ ਕਰਨਾ ਅਉਖਾ ਲਗੇਗਾ ? ਸੋ ਸਮੇਂ ਦੀ ਲੋੜ ਨੂੰ ਮੁਖ ਰਖ ਕੇ ਪੰਜਵੇਂ ਜਾਮੇ ਵਿਚ ਨਹੀਂ ਤਾਂ ਦਸਵੇਂ ਜਾਮੇ ਵਿਚ ਜਦ ਨਵੇਂ ਸਿਰੇ ਤੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਗਈ ਤਾਂ ਹੀ ਗੁਰੂ ਸਾਹਿਬ ਬਾਣੀ ਨੂੰ ਪਦ-ਛੇਦ ਸਰੂਪ ਦੇ ਦੇਂਦੇ। ਪਰ ਐਸਾ ਨਹੀਂ ਕੀਤਾ। ਸੋ ਸਾਨੂੰ ਉਸ ਅਕਾਲ ਪੁਰਖ ਜੀ ਦੇ ਜੋਤਿ ਸਰੂਪ ਗੁਰੂ ਮਹਾਰਾਜ ਤੇ ਪੂਰਾ ਭਰੋਸਾ ਰਖਣਾ ਬਣਦਾ ਹੈ ਅਤੇ ਇਸ ਸਬੰਧ ਵਿਚ ਸਤਿਗੁਰੂ ਜੀ ਦਾ ਫੁਰਮਾਨ ਹੈ—

"ਪੂਰੇ ਕਾ ਕੀਆ ਸਭ ਕਿਛੁ ਪੂਰਾ ॥ ਘਟਿ ਵਧਿ ਕਿਛੁ ਨਾਹੀ॥ (1412)

ਸੋ ਉਪਰੋਕਤ ਦੋਨੋਂ ਹੀ ਸੰਸਥਾਵਾਂ ਨੂੰ ਆਪਣੇ ਉਪਰੋਕਤ ਮਤਿਆਂ ਦੀ ਅਤੇ ਸਤਿਗੁਰੂ ਜੀ ਦੀ ਕ੍ਰਿਤ ਦਾ ਆਦਰ ਕਰਦਿਆਂ ਹੋਇਆਂ ਉਹਨਾਂ ਤੇ ਅਮਲ ਕਰਨਾ ਚਾਹੀਦਾ ਹੈ। ਗੁਰਬਾਣੀ ਵਿਚ ਫੁਰਮਾਨ ਹੈ :

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥

ਕਈ ਸੰਸਥਾਵਾਂ, ਦੁਕਾਨਦਾਰਾਂ ਆਦਿ ਰਾਹੀਂ ਬੀੜਾਂ ਦੇ ਆਪਣੀ ਬੁਧੀ ਅਨੁਸਾਰ ਪਦ ਨਿਖੇੜ ਕੀਤੇ ਹੋਏ ਮਿਲਦੇ ਹਨ। ਉਹਨਾਂ ਸਾਰੀਆਂ ਬੀੜਾਂ ਵਿਚ ਹਰ ਇਕ ਸ਼ਬਦ ਦਾ ਇਕੋ ਜਿਹਾ ਪਦ ਨਿਖੇੜ ਨਹੀਂ ਹੈ। ਅਨੇਕ ਹੀ ਸ਼ਬਦਾਂ ਦੇ ਪਦ ਨਿਖੇੜ ਇਕ ਦੂਜੇ ਨਾਲ ਨਹੀਂ ਰਲਦੇ। ਉਨ੍ਹਾਂ ਵਿਚੋਂ ਸਹੀ ਤਾਂ ਇਕ ਹੀ ਹੋ ਸਕਦਾ ਹੈ ਜੋ ਸਤਿਗੁਰੂ ਜੀ ਹੀ ਜਾਣਦੇ ਹਨ ਬਾਕੀ ਤਾਂ ਸਭ ਗਲਤ ਹੀ ਹੋਣਗੇ। ਸੋ ਇਸ ਪ੍ਰਕਾਰ ਕੀ ਅਸੀਂ ਲਗਪਗ ਜੀਵ ਅਭੁਲ ਗੁਰੂ ਨੂੰ ਭੁਲਣਹਾਰ

ਨਹੀਂ ਬਣਾ ਦੇਂਦੇ ? ਸੋ ਸਾਨੂੰ ਸਤਿਗੁਰੂ ਜੀ ਦੀ ਕ੍ਰਿਤ ਤੇ ਭਰੋਸਾ ਰਖਦਿਆਂ ਹੋਇਆਂ ਪਦ-ਛੇਦ ਬੀੜਾਂ ਛਾਪਣੀਆਂ ਤੁਰੰਤ ਬੰਦ ਕਰਨੀਆਂ ਬਣਦੀਆਂ ਹਨ ਕਿਉਂਕਿ ਪਦ-ਛੇਣ ਬੀੜ ਵਿਚ ਗਲਤੀਆਂ ਹੋਣ ਕਰਕੇ ਅਕਾਲ ਪੁਰਖ ਜੀ ਦੀ ਜੋਤ ਨਹੀਂ ਹੈ ਅਤੇ ਸਤਿਗੁਰੂ ਜੀ ਦੀ ਜੋਤ ਨਾ ਹੋਣ ਕਾਰਣ ਸਾਨੂੰ ਪਦ-ਛੇਦ ਸਰੂਪ ਤੋਂ ਸਤਿਗੁਰੂ ਜੀ ਦੇ ਦਰਸ਼ਨ ਨਹੀਂ ਹੁੰਦੇ ਜਦ ਕਿ ਸਤਿਗੁਰੂ ਜੀ ਦੇ ਫੁਰਮਾਨ ਹਨ ਕਿ ਗੁਰੂ ਕੇ ਸਿੱਖ ਲਈ ਖਾਣਾ, ਪੀਣਾ, ਪਹਿਨਣਾ ਸਭ ਬਾਦ ਹੈ ਜਦ ਤਕ ਗੁਰੂ ਦਾ ਦਰਸ਼ਨ ਨਾ ਕਰੇ ।

ਦੇਖੋ : (1) ਨੀਹੁ ਮਹਿੰਜਾ ਤਉ ਨਾਲਿ ਬਿਆ ਨੇਹ ਕੂੜਾਵੇ ਡੇਖੁ ॥
ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ ॥ (ਅੰਗ 1094)

(2) ਝਖੜੁ ਝਾਗੀ ਮੀਹੁ ਵਰਸੈ ਭੀ ਗੁਰ ਦੇਖਣ ਜਾਈ ॥
ਸਮੁੰਦੁ ਸਾਗਰ ਹੋਵੈ ਬਹੁ ਖਾਰਾ ਗੁਰਸਿਖ
ਲੰਘਿ ਗੁਰ ਪਹਿ ਜਾਈ ॥ (ਅੰਗ 757)

(3) ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ
ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥ (ਅੰਗ 757)

ਲੜੀਵਾਰ ਅਤੇ ਪਦ-ਛੇਦ ਸਰੂਪ ਦੇ ਸਬੰਧ ਵਿਚ ਹੱਡ-ਬੀਤੀਆਂ ਵਾਰਤਾਵਾਂ :

ਅੰਮ੍ਰਿਤ ਸੰਚਾਰ ਸਮੇਂ ਦੀ ਅਸਚਰਜ ਘਟਨਾ :

ਗੁਰਮਤਿਮਤਿਅਚਲੁਹੈਚਲਾਇਨਸਕੈਕੋਇ ।
(ਸਲੋਕ ਮ: 3, ਬਿਹਾਗੜੇ ਕੀ ਵਾਰ, ਅੰਗ 548-49)

ਅਖੰਡ ਕੀਰਤਨੀ ਜਥੇ ਦੇ 1978 ਵਿਸਾਖੀ ਦੇ ਸਮਾਗਮ ਤੇ ਪੰਚਾਂ ਅਤੇ ਇਕ ਅੰਮ੍ਰਿਤ-ਅਭਿਲਾਖੀ ਜੋੜੇ ਦੇ ਵਿਚਕਾਰ ਜੋ ਗੱਲ-ਬਾਤ ਹੋਈ, ਉਹ ਆਮ ਸੰਗਤ ਦੇ ਗਿਆਤ ਲਈ ਜ਼ਰੂਰੀ ਸਮਝੀ ਗਈ ਹੈ ।

ਇਕ ਸਿੰਘ ਤੇ ਸਿੰਘਣੀ : (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ; ਉਠ ਕੇ ਦੋਇ ਹੱਥ ਜੋੜ ਕੇ :

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਪੰਚ : ਕਿਵੇਂ ਆਏ ਜੇ ?

ਸਿੰਘ : ਜੀ ਅਸੀਂ ਅਨੰਦਪੁਰ ਸਮਾਗਮ ਤੇ ਅੰਮ੍ਰਿਤ ਪਾਨ ਕੀਤਾ ਸੀ । ਮੇਰੀ ਸਿੰਘਣੀ ਨੂੰ ਬੜੀ ਘਬਰਾਹਟ ਰਹਿੰਦੀ ਹੈ । ਇਸ ਉਤੇ ਕਿਸੇ ਰੂਹ ਦਾ ਅਸਰ ਹੈ । ਕੁਝ ਕਿਰਪਾ ਕਰੋ ।

ਪੰਚ : ਬੀਬੀ ਨੂੰ ਮੁਖਾਤਬ ਹੋ ਕੇ (ਕਿਉਂ ਬੀਬੀ, ਕੀ ਗੱਲ ਹੈ) ?

ਬੀਬੀ : ਦਿਲ ਬਹੁਤ ਘਬਰਾਉਂਦਾ ਹੈ, ਸਮਝ ਨਹੀਂ ਆਉਂਦੀ ਕੀ ਹੁੰਦਾ ਹੈ।

ਪੰਚ : ਨਾਮ ਜਪਿਆ ਕਰ ਅਤੇ ਬਾਣੀ ਪੜ੍ਹਿਆ ਕਰ। ਫਿਰ ਤੇਰੇ ਲਾਗੇ ਕੋਈ ਸ਼ੈ ਨਹੀਂ ਆਏਗੀ।

ਬੀਬੀ : ਕੋਸ਼ਿਸ਼ ਕਰਦੀ ਹਾਂ, ਪਰ ਨਾਮ ਜਪਿਆ ਨਹੀਂ ਜਾਂਦਾ। ਬਾਣੀ ਭੀ ਨਹੀਂ ਪੜ੍ਹੀ ਜਾਂਦੀ।

ਪੰਚ : ਜੇ ਨਾਮ ਦ੍ਰਿੜ੍ਹ ਹੋ ਗਿਆ ਹੈ ਤਾਂ ਜ਼ਰੂਰ ਜਪਿਆ ਜਾਣਾ ਚਾਹੀਦਾ ਹੈ। ਨਾਮ ਬਾਣੀ ਦੇ ਲਾਗੇ ਤਾਂ ਜਮ ਵੀ ਨਹੀਂ ਆਉਂਦਾ, ਬਾਕੀ ਬਲਾਵਾਂ ਕੋਈ ਚੀਜ਼ ਹੀ ਨਹੀਂ, ਮਜ਼ਬੂਤ ਦਿਲ ਕਰਕੇ, ਤਕੜੀ ਹੋ ਕੇ ਨਾਮ ਜਪਿਆ ਕਰ।

ਬੀਬੀ : ਜੀ ਨਹੀਂ ਜਪਿਆ ਜਾਂਦਾ।

ਪੰਚ : ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰੋ ਅਤੇ ਗੁਰੂ ਸਾਹਿਬ ਜੀ ਦੇ ਕਮਰੇ ਵਿਚ ਬੈਠ ਕੇ ਨਾਮ ਬਾਣੀ ਦਾ ਅਭਿਆਸ ਕਰੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਗੇ ਇਹ ਚੀਜ਼ਾਂ ਬਿਲਕੁਲ ਨਹੀਂ ਆਉਂਦੀਆਂ।

ਬੀਬੀ : ਸਾਡੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਜਦੋਂ ਮੈਂ ਗੁਰੂ ਜੀ ਦੇ ਕਮਰੇ ਵਿਚ ਜਾਂਦੀ ਹਾਂ ਤਾਂ ਮੇਰੀ ਘਬਰਾਹਟ ਬਹੁਤ ਹੀ ਜ਼ਿਆਦਾ ਵਧ ਜਾਂਦੀ ਹੈ। ਜਦ ਗੁਰੂ ਜੀ ਦਾ ਕਮਰਾ ਛੱਡ ਦੂਰ ਚਲੀ ਜਾਂਦੀ ਹਾਂ ਤਾਂ ਘਬਰਾਹਟ ਘਟ ਜਾਂਦੀ ਹੈ।

ਪੰਚ : ਇਹ ਕਭੀ ਨਹੀਂ ਹੋ ਸਕਦਾ। ਅਸੀਂ ਤੇਰੀ ਗਲ ਹਰਗਿਜ਼ ਮੰਨਣ ਨੂੰ ਤਿਆਰ ਨਹੀਂ। ਇਸ ਗੱਲ ਨੂੰ ਪੱਥਰ ਉਤੇ ਲਕੀਰ ਸਮਝ ਕਿ ਗੁਰੂ ਸਾਹਿਬ ਦੇ ਲਾਗੇ ਇਹ ਬਲਾਵਾਂ ਨਹੀਂ ਆ ਸਕਦੀਆਂ, ਨਹੀਂ ਆ ਸਕਦੀਆਂ।

ਬੀਬੀ : ਤੁਸੀਂ ਭਾਵੇਂ ਮੰਨੋ ਭਾਵੇਂ ਨਾ ਮੰਨੋ, ਮੈਂ ਤੁਹਾਨੂੰ ਠੀਕ ਦਸ ਰਹੀ ਹਾਂ।

ਪੰਚ : ਅਸੀਂ ਤੇਰੀ ਬਾਤ ਤਾਂ ਮੰਨੀਏ ਜੇ ਅਸੀਂ ਗੁਰੂ ਸਾਹਿਬ ਜੀ ਦੀਆਂ ਬਰਕਤਾਂ ਤੋਂ ਜਾਣੂ ਨਾ ਹੋਈਏ।

ਬੀਬੀ : ਮੈਂ ਜੀ ਬਿਲਕੁਲ ਠੀਕ ਕਹਿ ਰਹੀ ਹਾਂ ਕਿ ਗੁਰੂ ਜੀ ਦੇ ਪਾਸ ਜਾਣ ਨਾਲ ਮੇਰੀ ਘਬਰਾਹਟ ਬਹੁਤ ਵਧ ਜਾਂਦੀ ਹੈ।

ਪੰਚ : ਤਾਂ ਤੇਰੇ ਘਰ ਡਾਢੀ ਮਨਮਤਿ ਦਾ ਪਹਿਰਾ ਹੈ। ਗੁਰੂ ਸਾਹਿਬ ਦਾ ਸਰੂਪ ਲੜੀਵਾਰ ਹੈ ਜਾਂ ਪਦ-ਛੇਦ ?

ਬੀਬੀ : ਜੀ ਪਦ-ਛੇਦ ?

ਪੰਚ : ਤਾਂ ਤੂੰ ਸੱਚੀ ਹੈਂ। ਕਲਗੀਧਰ ਪਾਤਸ਼ਾਹ ਜੀ ਨੇ ਆਪਣੀ ਜੋਤਿ ਲੜੀਵਾਰ ਸਰੂਪ ਨੂੰ ਬਖਸ਼ ਕੇ ਗੁਰ-ਗੱਦੀ ਉਤੇ ਸੁਸ਼ੋਭਿਤ ਕੀਤਾ ਹੈ।

ਅੱਛਾ, ਤੂੰ ਬਾਹਰ ਬੈਠ। ਤੈਨੂੰ ਅੰਮ੍ਰਿਤ ਦਾ ਚੂਲਾ ਦਿਆਂਗੇ ਹੁਣ ਆਪਣੇ ਘਰ ਵਿਚ ਲੜੀਵਾਰ ਸਰੂਪ ਦਾ ਪ੍ਰਕਾਸ਼ ਕਰੀਂ ਜਾ ਕੇ ਤੇ ਅਗਲੇ ਸਮਾਗਮ ਤੇ ਆ ਕੇ ਦਸੀਂ ਕਿ ਕੀ ਕੁਝ ਫਰਕ ਪਿਆ ਹੈ।

ਬੀਬੀ : ਅੱਛਾ ਜੀ ! ਅਗਲੇ ਸਮਾਗਮ ਤੇ ਅੰਮ੍ਰਿਤ-ਸੰਚਾਰ ਦੇ ਬਾਅਦ ਜਦ ਗੁਰ-ਦੀਖਿਅਤ ਪ੍ਰਾਣੀਆਂ ਨੂੰ ਗੁਰਸਿੱਖੀ ਦੀ ਬਾਕੀ ਦੀ ਮਰਯਾਦਾ ਦ੍ਰਿੜ੍ਹਾਈ ਜਾ ਰਹੀ ਸੀ ਤਾਂ ਸਾਰਿਆਂ ਦੇ ਗਿਆਤ ਲਈ ਇਸ ਬੀਬੀ ਦਾ ਕਿੱਸਾ ਥੋੜ੍ਹੇ ਜਿਹੇ ਸ਼ਬਦਾਂ ਵਿਚ ਦੁਹਰਾਇਆ ਜਾ ਰਿਹਾ ਸੀ ਤਾਂ ਇਸ ਬੀਬੀ ਨੇ (ਡੇਢ ਕੁ ਸੌ ਪ੍ਰਾਣੀਆਂ ਵਿਚ ਬੈਠੀ ਹੋਈ ਨੇ) ਝੱਟ ਉਪਰ ਨੂੰ ਬਾਂਹ ਖੜੀ ਕਰ ਕੇ, ਹਸੂੰ ਹਸੂੰ ਕਰਦੀ ਨੇ ਕਿਹਾ, "ਜੀ ਉਹ ਮੈਂ ਹੀ ਹਾਂ।" ਹੁਣ ਤੇਰਾ ਕੀ ਹਾਲ ਹੈ ?" ਪੰਚਾਂ ਨੇ ਪੁੱਛਿਆ "ਜੀ, ਮੈਂ ਠੀਕ ਹਾਂ" ਬੀਬੀ ਦਾ ਉਤਰ ਸੀ। ਇਹ ਸਭ-ਸਿੱਖ-ਜਗਤ ਦੇ ਵਿਚਾਰਨ ਅਤੇ ਸਮਝਣ ਯੋਗ ਵਾਕਿਆ ਹੈ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

(ਭਾਈ ਰਾਮ ਸਿੰਘ ਜੀ, ਜਥੇਦਾਰ)

2—ਦਾਸ ਦੇ ਮਕਾਨ ਗਲੀ ਊਠਾਂ ਵਾਲੀ, ਚੌਂਕ ਪ੍ਰਾਗਦਾਸ, ਅੰਮ੍ਰਿਤਸਰ ਦੇ ਨਾਲ ਲੱਗਦਾ ਮਕਾਨ ਸ: ਨਿਰੰਜਨ ਸਿੰਘ ਜੀ ਦਾ ਹੈ ਜੋ ਕੰਘੇ ਕੜੇ ਆਦਿ ਵੇਚਣ ਦੀ ਕਾਰ ਕਰਦੇ ਹਨ। ਘਰ ਪਦ ਛਦ ਬੀੜ ਦਾ ਪ੍ਰਕਾਸ਼ ਵੀ ਹੈ। ਇਨ੍ਹਾਂ ਦੇ ਅੰਦਰ 18-2-2006 ਨੂੰ ਕਿਸੇ ਪ੍ਰੇਤ (ਖਾੜਕੂ) ਦੀ ਰੂਹ ਦਾ ਵਾਸਾ ਹੋ ਗਿਆ। ਸ਼ਾਮ ਦੇਰ ਨੂੰ ਕੰਮ ਤੋਂ ਆ ਕੇ ਉਤੇ ਬਾਬਾ ਜੀ ਦੇ ਕਮਰੇ ਵਿਚ ਗਾਤਰੇ ਵਾਲੀ ਸ੍ਰੀ ਸਾਹਿਬ ਬਾਹਰ ਕੱਢਕੇ ਸਾਰੀ ਰਾਤ ਗੋਲ ਗੋਲ ਘੁੰਮੀ ਜਾਣ ਤੇ ਸ੍ਰੀ ਸਾਹਿਬ ਚਲਾਈ ਜਾਣ ਜਿਸ ਪ੍ਰਕਾਰ ਕਿਸੇ ਲੜਾਈ ਵਿਚ ਹਿੱਸਾ ਲੈ ਰਹੇ ਹੋਣ ਅਤੇ ਮੂੰਹ ਤੋਂ ਦਰਬਾਰ ਸਾਹਿਬ ਤੇ ਹਮਲੇ ਵਾਲੇ ਦਿਨਾਂ ਦੀਆਂ ਗੱਲਾਂ ਕਰੀ ਜਾਣ। ਦੋ ਦਿਨ ਐਸਾ ਕਰਦੇ ਰਹੇ। ਸਵੇਰੇ ਸੋਮਵਾਰ 20-2-2006 ਨੂੰ 8-9 ਵਜੇ ਉਠੇ ਤੇ ਬਾਹਰ ਨਿਕਲ ਗਏ। ਪੁੱਛਣ ਤੇ ਉਤਰ ਮਿਲਿਆ ਕਿ ਐਥੇ ਹੀ ਚਲਿਆਂ ਤੇ ਹੁਣੇ ਆਉਨਾ। ਇਹ ਭਲਾਈ ਕੇਂਦਰ ਵਾਲੇ ਭਾਈ ਗੁਰਇਕਬਾਲ ਸਿੰਘ ਜੀ ਦੇ ਵੀ ਸੇਵਕ ਹਨ ਅਤੇ ਉਨ੍ਹਾਂ ਨਾਲ ਨੇੜਤਾ ਰਖਦੇ ਹਨ। ਦੁਪਹਿਰ 2 ਕੁ ਵਜੇ ਉਹਨਾਂ ਦੇ ਭਲਾਈ ਕੇਂਦਰ ਤੋਂ ਘਰ ਟੈਲੀਫੂਨ ਆਇਆ ਕਿ ਏਥੇ ਬਹੁਤ ਬਵੰਡਰ ਮਚਾ ਰਖਿਆ ਸੀ ਅਤੇ ਉਚੀ ਉਚੀ ਬੋਲੀ ਜਾਂਦੇ ਸਨ ਤੇ ਸਾਰੇ ਪ੍ਰੇਸ਼ਾਨ ਹੋ ਗਏ ਸਨ ਤੇ ਫੇਰ ਕਮਰੇ ਵਿਚ ਬੰਦ ਕਰ ਦਿਤਾ ਹੈ। ਆ ਕੇ ਲੈ ਜਾਓ। ਮੁਸ਼ਕਲ ਨਾਲ ਉਥੋਂ ਲੜਕੀ ਪੈਦਲ ਹੀ ਲੈ ਕੇ ਆਈ ਜਦ ਚਾਟੀਵਿੰਡ ਚੌਂਕ ਆਇਆ ਤਾਂ ਇਸ ਚੌਂਕ ਦੀਆਂ ਪ੍ਰਕਰਮਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਅਤੇ ਹਟਣ ਹੀ ਨਾ। ਬੜੇ ਚਿਰ ਬਾਦ ਕਿਸੇ ਜਾਣ-ਪਛਾਣ

ਦੇ ਬਦੇ ਨੂੰ ਲੜਕੀ ਬੁਲਾ ਕੇ ਲਿਆਈ ਤਾਂ ਉਸ ਰਾਹੀਂ ਘਰ ਆਏ ਤੇ ਘਰ ਆ ਕੇ ਫੇਰ ਪਾਗਲਾਂ ਵਾਲੀਆਂ ਹਰਕਤਾਂ ਕਰੀ ਜਾਣ। ਸ਼ਾਮ 8 ਕੁ ਵਜੇ ਉਤੇ ਬਾਬਾ ਜੀ ਦੇ ਕਮਰੇ ਵਿਚ ਜਾ ਕੇ ਸ੍ਰੀ ਸਾਹਿਬ ਚਲਾਣੀ ਸ਼ੁਰੂ ਕਰ ਦਿੱਤੀ ਅਤੇ ਖਿੜਕੀ ਦੇ ਸਾਰੇ ਸ਼ੀਸ਼ੇ ਤੋੜ ਦਿਤੇ ਅਤੇ ਖਿੜਕੀ ਵਿਚੋਂ ਅੱਧਾ ਧੜ ਬਾਹਰ ਕੱਢ ਕੇ ਕੜਕਵੀਂ ਆਵਾਜ਼ ਨਾਲ ਕਦੇ ਦਰਬਾਰ ਸਾਹਿਬ ਦੀ ਬੇਅਦਬੀ ਬਾਰੇ, ਕਦੇ ਭਿੰਡਰਾਂ ਵਾਲਿਆਂ ਬਾਰੇ, ਕਦੇ ਹਿੰਦੂਆਂ ਬਾਰੇ ਬੋਲੀ ਜਾਣ ਤੇ ਨਾਲ ਸ੍ਰੀ ਸਾਹਿਬ ਚਲਾਈ ਜਾਣ। ਸਾਰਾ ਮੁਹੱਲਾ ਇਕੱਠਾ ਹੋ ਗਿਆ। ਪਰ ਨੇੜੇ ਜਾਣ ਦੀ ਕਿਸੇ ਦੀ ਹਿੰਮਤ ਨਾ ਪਵੇ। ਸਭ ਦਾ ਇਹ ਵਿਚਾਰ ਸੀ ਕਿ ਪ੍ਰਵਾਰ ਵੱਡਾ ਹੈ, ਗਰੀਬੀ ਹੋਣ ਕਰਕੇ ਦਿਮਾਗ ਤੇ ਬੋਝ ਹੋਣ ਕਾਰਣ ਡੀਪ੍ਰੈਸ਼ਨ ਹੋ ਗਿਆ ਹੈ। ਪਰ ਦਾਸ ਨੂੰ ਸਾਫ ਦਿਸ ਰਿਹਾ ਸੀ ਕਿ ਕਿਸੇ ਖਾੜਕੂ ਦੀ ਰੂਹ ਅੰਦਰ ਬੋਲ ਰਹੀ ਹੈ। ਸੋ ਦਾਸ ਨੇ ਪਰਿਵਾਰ ਨੂੰ ਪਦ-ਛੇਦ ਸਰੂਪ ਬਦਲਕੇ ਲੜੀਵਾਰ ਸਰੂਪ ਦਾ ਪ੍ਰਕਾਸ਼ ਕਰਨ ਲਈ ਉਪ੍ਰੋਕਤ ਵਾਰਤਾ ਦਾ ਜ਼ਿਕਰ ਕੀਤਾ ਤਾਂ ਮੰਨ ਗਏ ਰਾਤ ਕਿਸੇ ਪ੍ਰਕਾਰ 8-10 ਬੰਦਿਆਂ ਨੇ ਉਨ੍ਹਾਂ ਨੂੰ ਕਾਬੂ ਕਰਕੇ ਦੋ ਨੀਂਦ ਦੇ ਟੀਕੇ ਲਗਵਾ ਦਿਤੇ ਤੇ ਸਵੇਰੇ ਉਨ੍ਹਾਂ ਦੇ ਉੱਠਣ ਤੋਂ ਪਹਿਲਾਂ ਲੜੀਵਾਰ ਸਰੂਪ ਦਾ ਪ੍ਰਕਾਸ਼ ਕਰਵਾ ਦਿਤਾ। ਉਸ ਉਪਰੰਤ ਜਦ ਉਹ ਉਠੇ ਤਾਂ ਬਿਲਕੁਲ ਠੀਕ ਸਨ ਅਤੇ ਆਮ ਵਾਂਗਰ ਖਾਣਾ-ਪੀਣਾ ਅਤੇ ਅਜ ਤਕ ਉਹ ਆਪਣੀ ਕਿਰਤ ਨਾਲ ਜੁੜੇ ਹੋਏ ਹਨ।

3—ਇਕ ਹੋਰ 22 ਸਾਲ ਦੀ ਖੂਬਸੂਰਤ ਬੱਚੀ ਚੌਂਕ ਬਾਬਾ ਸਾਹਿਬ, ਅੰਮ੍ਰਿਤਸਰ ਰਹਿੰਦੀ ਹੈ। ਉਸਦਾ ਨਾਮ ਉਸਦੀ ਮਾਤਾ ਨੇ ਗੁਪਤ ਰਖਣ ਲਈ ਕਿਹਾ ਹੈ। ਉਸ ਵਿਚ ਵੀ ਇਕ ਮੁਸਲਮਾਨ ਪੀਰ ਦੀ ਰੂਹ ਪਿਛਲੇ 7 ਸਾਲ ਤੋਂ ਸੀ। ਵਡਭਾਗ ਸਿੰਘ ਦੇ ਡੇਰੇ ਕਈ ਬਾਰ ਗਏ ਅਤੇ ਹੋਰ ਕਿੰਨਿਆਂ ਹੀ ਸਥਾਨਾਂ ਦੀਆਂ ਟੱਕਰਾਂ ਖਾ ਚੁਕੇ ਸਨ। ਪਰਿਵਾਰ ਸਹਿਤ ਅੰਮ੍ਰਿਤ ਛਕਣ ਅਤੇ ਘਰੋਂ ਪਦਛੇਦ ਬੀੜ ਬਦਲ ਕੇ ਲੜੀਵਾਰ ਸਰੂਪ ਦਾ ਪ੍ਰਕਾਸ਼ ਕਰਨ ਲਈ ਮਨਾਇਆ ਗਿਆ। ਇਹ ਦੋਨੋਂ ਗੱਲਾਂ ਉਹਨਾਂ ਕਰ ਲਈਆਂ ਪਰ ਫੇਰ ਵੀ ਕੁਛ ਨਾ ਬਣਿਆ। ਖੋਜ ਕਰਨ ਤੇ ਪਤਾ ਲਗਿਆ ਕਿ ਲੜੀਵਾਰ ਮਹਾਰਾਜ ਦਾ ਸਰੂਪ ਜਿਸ ਘਰੋਂ ਲਿਆਂਦਾ ਸੀ ਉਸ ਘਰ ਦੀ ਬੱਚੀ ਨੇ ਇਕ ਅੱਖਰ ਨੂੰ ਗਲਤ ਸਮਝ ਕੇ ਬਦਲ ਦਿਤਾ ਸੀ। ਫੇਰ ਇਹ ਬੀੜ ਬਦਲ ਕੇ ਨਵੀਂ ਬੀੜ ਦਾ ਪ੍ਰਕਾਸ਼ ਕਰਨ ਸਾਰ ਹੀ ਪੀਰ ਹੋਰੀਂ ਉਡ ਪੁਡ ਗਏ।

4—ਕਰਤਾਰਪੁਰ ਤੋਂ ਇਕ ਸਿੰਘ ਜੋ ਡਾਕਟਰ ਹੈ ਅਤੇ ਮੈਡੀਕਲ ਸਟੋਰ ਚਲਾਂਦਾ ਹੈ ਉਹ ਵੀ ਕਈ ਸਾਲਾਂ ਤੋਂ ਬਹੁਤ ਦੁਖੀ ਸੀ। ਉਸ ਨੇ ਟੈਲੀਫੋਨ ਤੇ ਦਸਿਆ ਹੈ ਕਿ ਇਹ ਤੱਤ ਗੁਰਮਤਿ ਖੋਜ ਵਾਲੀ ਪੁਸਤਕ ਪੜ੍ਹ ਕੇ ਉਸ ਨੇ ਵੀ

ਘਰ ਸਤਿਗੁਰੂ ਜੀ ਦੇ ਲੜੀਵਾ'ਰ ਸਰੂਪ ਦਾ ਪ੍ਰਕਾਸ਼ ਕੀਤਾ ਤਾਂ ਉਹ ਬਿਲਕੁਲ ਠੀਕ ਹੋ ਗਿਆ ਹੈ। ਉਸ ਸਿੰਘ ਦਾ ਨਾਮ ਅਤੇ ਪਤਾ ਇਹ ਹੈ—ਗੁਰਜੀਤ ਸਿੰਘ *Neauta Medicos, V. & P.O. Khera Majha, Jalandhar Kapurthala Road, Kartarpur. Mobile 91-9815404413*

1. (ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਮਾਲਾ ਦਾ ਰਹਿਣਾ ਇਕ ਘਿਨੌਣਾ ਅਪਰਾਧ :

ਸ਼੍ਰੋਮਣੀ ਗੁ. ਪ੍ਰ. ਕਮੇਟੀ ਦੇ ਰੀਸਰ ਸਕਾਲਰ ਸ. ਸ਼ਮਸ਼ੇਰ ਸਿੰਘ ਅਸ਼ੋਕ ਦੀ ਦੀਰਘ ਕਾਲੀਨ ਖੋਜ ਅਤੇ ਹੋਰ ਅਨੇਕ ਪੰਥਕ ਵਿਦਵਾਨਾਂ, ਸੰਤਾਂ ਦੀ ਦਿੱਬ-ਦ੍ਰਿਸ਼ਟੀ ਸਦਕਾ ਇੱਕ ਰਾਏ ਨਾਲ ਇਹ ਸਿੱਟਾ ਕੱਢਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸਮਾਪਤੀ, ਸਤਿਗੁਰੂ ਜੀ ਦੇ ਅੰਤਲੇ ਸ਼ਬਦ ਜੋ ਸਤਿਗੁਰੂ ਜੀ ਨੇ ਸ੍ਰੀ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਉਚਾਰਨ ਕੀਤਾ ਹੈ—'ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ' ਦੇ ਨਾਲ ਹੀ ਹੋ ਜਾਂਦੀ ਹੈ। ਇਸ ਉਪਰੰਤ ਜੋ ਰਾਗ ਮਾਲਾ ਹੈ, ਜਾਂ ਹੋਰ ਵੱਖ ਵੱਖ ਬੀੜਾਂ ਵਿਚ ਵੱਖ ਵੱਖ ਸ਼ਬਦ ਆਦਿ ਹਨ ਉਹ ਸਭ ਗੁਰਬਾਣੀ ਨਹੀ ਹਨ। ਸ: ਸ਼ਮਸ਼ੇਰ ਸਿੰਘ ਅਸ਼ੋਕ ਅਤੇ ਕਾਹਨ ਸਿੰਘਨਾਭਾ ਦੀ ਖੋਜ ਅਨੁਸਾਰ ਰਾਗ ਮਾਲਾ ਤਾਂ ਇਕ ਵੇਸ਼ਵਾ ਨਾਲ ਸੰਬੰਧਤ 'ਮਾਧਵਨਲ ਕਾਮਕੰਦਲਾ' ਇਸ਼ਕੀਆ ਕਿੱਸੇ ਵਿਚ ਦਰਜ ਰਾਗ ਮਾਲਾ ਦੇ ~~353~~ ਬੰਦਾਂ ਵਿਚੋਂ ~~62 ਤੋਂ 72~~ ਬੰਦ ਹਨ ਜੋ ਕਿਸੇ ਪੰਥ ਦੋਖੀ ਨੇ ਸਿੰਘਾਂ ਦੇ ਜੰਗਲਾਂ ਵਿਚ ਰਹਿਣ ਸਮੇਂ ਉਸ ਸਮੇਂ ਗਿਣਤੀ ਦੇ ਮੌਜੂਦ ਸਰੂਪਾਂ ਵਿਚ ਚਾੜ੍ਹ ਦਿਤੇ। ਉਸ ਉਪਰੰਤ ਜੋ ਉਤਾਰੇ ਉਨ੍ਹਾਂ ਤੋਂ ਹੋਏ ਉਹਨਾਂ ਵਿਚ ਇਹ ਰਾਗ ਮਾਲਾ ਚੜ੍ਹਦੀ ਗਈ। ਪਰ ਫੇਰ ਵੀ ਕੁਝ ਬੀੜਾਂ ਐਸੀਆਂ ਹਨ ਜਿਨ੍ਹਾਂ ਵਿਚ ਰਾਗ ਮਾਲਾ ਨਹੀਂ ਹੈ। ਮਹਾਰਾਜਾ ਪਟਿਆਲਾ ਪਾਸ ਜੋ ਸੁਨਹਿਰੀ ਬੀੜ ਹੈ ਉਸ ਵਿਚ ਰਾਗ ਮਾਲਾ ਨਹੀਂ ਹੈ ਅਤੇ ਰੈਫਰੈਂਸ ਲਾਇਬਰੇਰੀ ਵਿਚੋਂ 'ਬਲਿਊ ਸਟਾਰ' ਸਮੇਂ ਮਿਲਟਰੀ ਜੋ ਬੀੜਾਂ ਲੈ ਗਈ ਹੈ ਉਹਨਾਂ ਵਿਚ ਵੀ ਕੁਛ ਐਸੀਆਂ ਬੀੜਾਂ ਹਨ। ਗਿਆਨੀ ਗੁਰਦਿੱਤ ਸਿੰਘ ਜੀ ਨੇ ਆਪਣੀ ਪੁਸਤਕ 'ਮੁੰਦਾਵਣੀ' ਵਿਚ ਇਹਨਾਂ ਦਾ ਪੂਰਾ ਵੇਰਵਾ ਦਿੱਤਾ ਹੈ।

ਸੰਨ 1970 ਵਿਚ ਯੂ. ਕੇ. ਤੋਂ ਇੱਕ ਸਿੰਘ ਹਰਬਖ਼ਸ਼ ਸਿੰਘ ਨੇ ਸ੍ਰੋ ਗੁ. ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਤੋਂ ਰਾਗ ਮਾਲਾ ਬਾਰੇ ਕਈ ਗੱਲਾਂ ਪੁੱਛੀਆਂ ਸਨ। ਉਹਨਾਂ ਦਾ ਉੱਤਰ ਉਸ ਨੂੰ ਪੱਤਰ ਨੰ: 37221/921 ਮਿਤੀ 4-9-1970 ਨੂੰ ਇਸ ਪ੍ਰਕਾਰ ਦਿੱਤਾ ਗਿਆ।

ਆਪ ਜੀ ਦੀ ਪੱਤ੍ਰਿਕਾ ਮਿਤੀ 21-8-1970 ਦੇ ਸੰਬੰਧ ਵਿਚ ਸਿੰਘ ਸਾਹਿਬਾਨ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

ਰਾਏ ਹੇਠ ਲਿਖੇ ਅਨੁਸਾਰ ਹੈ।

(1) ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ, ਅੰਮ੍ਰਿਤਸਰ ਵਿਖੇ ਰਾਗ ਮਾਲਾ ਨਹੀਂ ਪੜ੍ਹੀ ਜਾਂਦੀ ਤੇ ਨਾ ਹੀ ਰਾਗ ਮਾਲਾ ਤੇ ਮਹਲਾ ਆਦਿ ਹੈਡ ਲੇਖ ਵਜੋਂ ਦਿੱਤਾ ਗਿਆ ਹੈ ਜਿਸ ਤੋਂ ਨਿਰਨਾ ਹੋ ਸਕੇ ਕਿ ਇਹ ਕਿਸ ਗੁਰੂ ਦੀ ਬਾਣੀ ਹੈ।

(2) ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਉਪਰੰਤ ਰਾਗ ਮਾਲਾ ਨਾ ਪੜ੍ਹੀ ਜਾਵੇ ਤਾਂ ਗ੍ਰੰਥੀ ਸਿੰਘ ਤਨਖਾਹੀਆਂ ਨਹੀਂ।

(3) ਆਦਿ ਬੀੜ ਕਰਤਾਰਪੁਰ ਸਾਹਿਬ ਵਾਲੀ ਵਿਚ ਰਾਗ ਮਾਲਾ ਹੈ ਪਰ ਤੇਰਾ ਕੀਤਾ ਜਾਤੋ ਨਾਹੀ ਦੇ ਸ਼ਬਦ ਦੇ ਪਿਛੋਂ ਹੈ ਅਤੇ ਦਸਖਤਾਂ ਤੋਂ ਪਿਛੋਂ ਹੈ।

ਸੋ ਪਾਠਕ ਇਸ ਪੱਤ੍ਰਕਾ ਤੋਂ ਰਾਗ ਮਾਲਾ ਬਾਣੀ ਹੋਣ ਜਾਂ ਨਾ ਹੋਣ ਬਾਰੇ ਭਲੀ ਭਾਂਤ ਨਿਰਣਾ ਖ਼ੁਦ ਕਰ ਸਕਦੇ ਹਨ। ਵੈਸੇ ਖੋਜੀਆਂ ਅਨੁਸਾਰ ਦੋਨੋਂ ਅਸਲ ਬੀੜਾ ਪੰਚਮ ਪਾਤਸ਼ਾਹ ਅਤੇ ਦਸਮ ਪਾਤਸ਼ਾਹ ਵਾਲੀ ਮੌਜੂਦ ਨਹੀਂ ਹਨ। ਘਲੂਘਾਰਿਆਂ ਸਮੇਂ ਦੁਸ਼ਟਾਂ ਦੇ ਹੱਥ ਲੱਗ ਗਈਆਂ ਜਾਪਦੀਆਂ ਹਨ।

ਉਪਰੋਕਤ ਨਿਰਣਾ ਦੇਣ ਵਾਲੇ ਵਿਦਵਾਨਾਂ—ਮਹਾਂਪੁਰਖਾਂ ਵਿਚੋਂ ਕੁਛ ਉਘੀਆਂ ਹਸਤੀਆਂ ਇਹ ਹਨ—

1. ਭਾ. ਸੰਤੋਖ ਸਿੰਘ ਜੀ (ਕਰਤਾ ਗੁਰਪ੍ਰਤਾਪ ਸੂਰਜ)
2. ਗਿਆਨੀ ਸੋਭਾ ਸਿੰਘ ਜੀ
3. ਪੰਡਿਤ ਤਾਰਾ ਸਿੰਘ ਜੀ ਨਿਰੋਤਮ
4. ਗਿ: ਗਿਆਨ ਸਿੰਘ ਜੀ
5. ਭਾਈ ਕਾਨ੍ਹ ਸਿੰਘ ਜੀ ਨਾਭਾ
6. ਪ੍ਰੋ. ਪਿਆਰਾ ਸਿੰਘ ਪਦਮ
7. ਭਾ. ਸਾ. ਰਣਧੀਰ ਸਿੰਘ ਜੀ
8. ਸ. ਰਤਨ ਸਿੰਘ ਜੀ ਇੰਗਲੈਂਡ
9. ਗਿ. ਸੁਰਜੀਤ ਸਿੰਘ ਜੀ ਮਿਸ਼ਨਰੀ ਦਿੱਲੀ
10. ਗਿ. ਦਿੱਤ ਸਿੰਘ ਜੀ
11. ਗੋਬਿੰਦ ਸਿੰਘ ਜੀ ਨਿਰਮਲ
12. ਮਾ. ਮੋਤਾ ਸਿੰਘ ਜੀ
13. ਗਿ. ਗੁਰਦਿੱਤ ਸਿੰਘ ਜੀ ਤੇ ਹੋਰ ਅਨੇਕ ਖੋਜੀ।

ਇਹ ਪੰਥ ਲਈ ਇਕ ਬੜੇ ਹੀ ਸ਼ਰਮ ਦੀ ਗੱਲ ਹੈ ਅਤੇ ਪੰਥ ਉਤੇ ਕਲੰਕ ਹੈ ਕਿ ਅਕਾਲ ਪੁਰਖ ਸਰੂਪ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੋ

ਇਕ ਅਤਿਅੰਤ ਪਵਿੱਤਰ ਗ੍ਰੰਥ ਹਨ ਵਿਚ ਇਕ ਵੇਸ਼ਵਾ ਨਾਲ ਸੰਬੰਧਤ ਕਿੱਸੇ ਦਾ ਕੁਝ ਭਾਗ ਦਰਜ ਹੋਵੇ ਭਾਵੇਂ ਗੁਰਬਾਣੀ ਦੀ ਸਮਾਪਤੀ ਤੋਂ ਬਾਅਦ ਹੀ ਹੈ।

ਸੰਨ 1936 ਵਿਚ ਸ਼੍ਰੋਮਣੀ ਗੁ. ਪ੍ਰ. ਕਮੇਟੀ ਦੀ 'ਧਾਰਮਿਕ ਸਲਾਹਕਾਰ ਕਮੇਟੀ' ਨੇ ਦੀਰਘ ਘੋਖ ਵਿਚਾਰ ਉਪ੍ਰੰਤ ਇਹ ਫੈਸਲਾ ਕੀਤਾ ਸੀ ਕਿ ਰਾਗ ਮਾਲਾ ਗੁਰਬਾਣੀ ਨਹੀਂ ਹੈ ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਮੁੰਦਾਵਣੀ ਤੇ ਪਾਇਆ ਜਾਵੇ। ਇਸ ਉਪਰੰਤ ਸ੍ਰੀ ਅਕਾਲ ਤਖਤ ਸਾਹਿਬ, ਪੰਜਾ ਸਾਹਿਬ ਅਤੇ ਨਨਕਾਣਾ ਸਾਹਿਬ ਵਿਖੇ ਰਾਗ ਮਾਲਾ ਪੜ੍ਹਨੀ ਬੰਦ ਹੋ ਗਈ ਹੈ।

(ਵੇਖੋ ਪੰਨਾ 228 ਸ੍ਰੋ. ਗੁ. ਪ੍ਰਬੰਧਕ ਕਮੇਟੀ ਦਾ 50 ਸਾਲਾ ਇਤਿਹਾਸ ਐਡੀਸ਼ਨ 1982)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਇਸ ਰਾਗ ਮਾਲਾ ਦਾ ਕੁਝ ਨਾਂ-ਮਾਤਰ ਵੀ ਮੇਲ ਨਹੀਂ ਹੈ। ਜਿਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਰ ਬਾਣੀ ਉਤੇ ਸਿਰਲੇਖ ਰਾਹੀਂ ਇਹ ਦਸਿਆ ਗਿਆ ਹੈ ਕਿ ਕਿਸ ਗੁਰੂ ਜਾਂ ਭਗਤ ਜੀ ਦੀ ਬਾਣੀ/ਸ਼ਬਦ ਜਾਂ ਸਲੋਕ ਆਦਿ ਹੈ। ਨਾ ਇਸ ਵਿਚ ਕਿਧਰੇ ਵੀ ਨਾਨਕ ਪਦ ਆਇਆ ਹੈ ਅਤੇ ਨਾ ਹੀ ਇਸ ਦੇ ਪਦਾਂ ਦੇ ਅੰਕ ਗੁਰੂ ਗ੍ਰੰਥ ਸਾਹਿਬ ਅਨੁਸਾਰ ਹਨ। ਹਰ ਇਕ ਪਦੇ ਮਗਰੇਂ ॥1॥ ਅੰਕਿਤ ਹੈ ਅਤੇ ਸਾਰੇ ਪਦਿਆਂ ਦੇ ਅੰਤ ਵਿਚ ਇਨ੍ਹਾਂ ਦਾ ਸਮੁੱਚਾ ਜੋੜ ਵੀ ॥1॥ ਹੈ। ਜਦ ਕਿ ਐਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਧਰੇ ਵੀ ਨਹੀਂ। ਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਆਏ ਸਾਰੇ ਰਾਗ ਇਸ ਰਾਗ ਮਾਲਾ ਵਿਚ ਆਏ ਹਨ।

ਹੋਰ ਬਥੇਰੇ ਰਾਗਾਂ ਦਾ ਜ਼ਿਕਰ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ। ਇਹ ਸਾਰੇ ਵਿਚਾਰ ਪ੍ਰੋ: ਸਾਹਿਬ ਸਿੰਘ ਜੀ ਦੇ ਹਨ—
(ਦੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਭਾਗ 10 ਪੰਨਾ 693-98)

ਇਸ ਰਾਗ ਮਾਲਾ ਵਿਚ ਜੀਵ ਨੂੰ ਨਾ ਕਿਸੇ ਪ੍ਰਕਾਰ ਦਾ ਕੋਈ ਉਪਦੇਸ਼ ਹੈ ਨਾ ਗੁਰਮਤਿ ਅਨੁਸਾਰ ਕੋਈ ਰੂਹਾਨੀ ਗਿਆਨ ਹੈ ਅਤੇ ਨਾ ਅਕਾਲ ਪੁਰਖ ਦੀ ਉਸਤਤਿ ਹੈ। ਕੇਵਲ ਰਾਗਾਂ ਦੇ ਨਾਂ ਉਹਨਾਂ ਦੀਆਂ ਵਹੁਟੀਆਂ ਅਤੇ ਪੁੱਤਰਾਂ ਦੇ ਨਾਂ ਅਤੇ ਗਿਣਤੀ ਆਦਿ ਹੀ ਹੈ।

ਕੁਛ ਸ਼ਬਦ ਰਾਗ ਮਾਲਾ ਵਿਚ ਐਸੇ ਹਨ ਜੋ ਜਿਸ ਪੁਸਤਕ ਵਿਚੋਂ ਇਹ ਰਾਗ ਮਾਲਾ ਆਈ ਹੈ ਉਸ ਵਿਚ ਸ਼ੁਧ ਹਨ ਅਤੇ ਗੁਰੂ ਗ੍ਰੰਥ ਸਾਹਿਬ 'ਚ ਚਾੜ੍ਹੀ ਰਾਗ ਮਾਲਾ ਵਿਚ ਗਲਤ ਹਨ ਦੇਖੋ ਬੰਗਾਲ ਨੂੰ ਬੰਗਾਲਮ, ਕਾਲਾਖੀ ਨੂੰ ਕਛੇਲੀ, ਕਾਲਿੰਗਨ ਨੂੰ ਕਾਲੰਕਾ, ਸਿੰਧਰੀ ਨੂੰ ਸੰਧੂਰ, ਬਰਬਲ ਨੂੰ ਪ੍ਰਬਲ, ਮਾਲਣ ਨੂੰ ਸਾਲੂ, ਕੰਕਨੀ ਨੂੰ ਗੁਨਗਨੀ, ਕੌਖਟ ਨੂੰ ਖਉਖਟ ਤੇ ਜਾਲੰਧਰ ਨੂੰ ਜਬਲੀਧਰ ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਕਿਸੇ ਦੋਖੀ ਨੇ ਇਹ ਰਚਨਾ

ਸੁਣੀ ਸੁਣਾਈ ਤੇ ਜ਼ਬਾਨੀ ਤੇ ਕਾਹਲੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚਾੜ੍ਹੀ ਹੈ ਜਾਂ ਇਕ ਬੋਲਦਾ ਗਿਆ ਹੈ ਤੇ ਦੂਜਾ ਲਿਖਦਾ ਗਿਆ ਹੈ ਜਿਸ ਦੇ ਸੁਨਣ ਵਿਚ ਫਰਕ ਪਿਆ ਹੈ। ਹੋਰ ਕਈ ਗੱਲਾਂ ਇਸ ਰਾਗ ਮਾਲਾ ਵਿਚ ਐਸੀਆਂ ਹਨ ਜੋ ਗੁਰੂ ਗ੍ਰੰਥ ਸਾਹਿਬ ਅਨੁਸਾਰ ਨਹੀਂ ਹਨ। ਵਿਸਥਾਰ ਡਰੋਂ ਇਥੇ ਨਹੀਂ ਦੇ ਰਹੇ।

ਸੋ ਚਿਟੇ ਦਿਨ ਵਾਂਗ ਇਹ ਸਪੱਸ਼ਟ ਹੈ ਕਿ ਇਹ ਰਾਗ ਮਾਲਾ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀ ਮਾਲਾ ਨਹੀਂ ਹੋ ਸਕਦੀ।

ਸੋ ਪੰਥ ਦੇ ਵਡੇ ਭਲੇ ਲਈ ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਲੈਣ ਲਈ ਤੁਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜ਼ੀ ਦੇ ਸਰੂਪ ਰਾਗ ਮਾਲਾ ਰਹਿਤ ਛਾਪਣੇ ਆਰੰਭ ਕਰਨੇ ਅਤਿਅੰਤ ਜ਼ਰੂਰੀ ਹਨ।

(II) ਰਹਿਤ ਮਰਯਾਦਾ ਵਿਚ ਢਿੱਲਾਂ :

ਬਹੁਤ ਗਹਿਰੀ ਸੋਚ ਵਿਚਾਰ ਅਤੇ ਇਤਿਹਾਸ ਘੋਖਣ ਤੇ ਇਸ ਗੱਲ ਵਿਚ ਰੰਚਕ ਮਾਤਰ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਸਿੱਖਾਂ ਦੀ ਸਿੱਖੀ ਸਪਿਰਟ ਨੂੰ ਮਾਰਨ ਲਈ ਸਿੱਖ ਰਹਿਤ ਮਰਯਾਦਾ ਉਤੇ ਅੰਗਰੇਜੀ ਸਰਕਾਰ ਨੇ ਕਈ ਅਸਰ ਰਸੂਖ ਵਾਲੇ ਸਿੱਖਾਂ ਨੂੰ ਖਰੀਦ ਕੇ ਤਕੜੀ ਸੱਟ ਮਾਰਨ ਵਿਚ ਪੂਰਨ ਸਫਲਤਾ ਪ੍ਰਾਪਤ ਕਰਕੇ ਸਿੱਖਾਂ ਨੂੰ ਆਪਣਾ ਪਾਣੀ ਭਰਨ ਵਾਲਾ ਬਣਾ ਲਿਆ।

ਅੰਗਰੇਜ਼ ਇਕ ਬਹੁਤ ਦੂਰ ਅੰਦੇਸ਼ ਅਤੇ ਚਲਾਕ ਸਿਆਸਤਦਾਨ ਸੀ। ਉਸਨੂੰ ਅਗਰ ਆਪਣੀ ਰਾਜ-ਗੱਦੀ ਲਈ ਡਰ ਸੀ ਤਾਂ ਕੇਵਲ ਸਿੱਖਾਂ ਤੋਂ ਸੀ। ਸਿੱਖੀ ਸਪਿਰਟ ਅਤੇ ਇਨ੍ਹਾਂ ਦੀ ਇਨਕਲਾਬੀ ਰੁਚੀ ਅਤੇ ਸ਼ਕਤੀ ਤੋਂ ਬਹੁਤ ਭੈਭੀਤ ਸੀ ਜੋ ਉਸ ਨੂੰ ਸਿੱਖਾਂ ਦੇ ਇਤਿਹਾਸ ਤੋਂ ਭਲੀ ਪ੍ਰਕਾਰ ਚਾਨਣਾ ਹੋ ਚੁਕਾ ਸੀ। ਇਹ ਉਸ ਨੂੰ ਭਲੀ ਪ੍ਰਕਾਰ ਪਤਾ ਸੀ ਕਿ ਸਿੱਖ ਦੀ ਬੇਮਿਸਾਲ ਸ਼ਕਤੀ ਦਾ ਸੋਮਾ ਅੰਮ੍ਰਿਤ ਦੀ ਦਾਤ ਅਤੇ ਰਹਿਤ ਮਰਯਾਦਾ ਹੈ। ਪੁਰਾਤਨ ਸਮਿਆਂ ਵਿਚ ਹਰ ਗੁਰਸਿੱਖ ਅੰਮ੍ਰਿਤਧਾਰੀ ਹੁੰਦਾ ਸੀ। ਸੋ ਸਿੱਖਾਂ ਨੂੰ ਸ਼ਕਤੀ ਹੀਣ ਕਰਨ ਲਈ ਇਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਤੋਂ ਤਾਂ ਵਾਂਝਿਆ ਨਹੀਂ ਕਰ ਸਕਦਾ ਸੀ। ਸੋ ਰਹਿਤ ਮਰਯਾਦਾ ਵਿਚ ਢਿੱਲਾਂ ਕਰਵਾ ਕੇ ਸਿੱਖਾਂ ਦੀ ਸ਼ਕਤੀ ਨੂੰ ਮਲੀਆ-ਮੇਟ ਕਰਨ ਦਾ ਮਨਸੂਬਾ ਬਣਾਇਆ। ਆਪਣੇ ਮੰਤਵ ਦੀ ਪੂਰਤੀ ਲਈ ਹਰ ਸੰਭਵ ਯਤਨ ਕੀਤੇ। ਪਰ ਸਭ ਨਾਲੋਂ ਵੱਡਾ ਹਥਿਆਰ ਜੋ ਉਸ ਨੇ ਵਰਤਿਆ ਉਹ ਸੀ ਅਸਰ ਰਸੂਖ ਰੱਖਣ ਵਾਲੇ ਸਿੱਖਾਂ ਦੀ ਖਰੀਦ, ਇਹੀ ਹਥਿਆਰ

ਇਸ ਨੇ ਸ਼ੁਰੂ ਵਿਚ ਸਿੱਖ ਫੌਜਾਂ ਨਾਲ ਜੰਗ ਸਮੇਂ ਵਰਤਿਆ ਸੀ। ਫੌਜੀ ਜਰਨਲ ਧਿਆਨ ਸਿੰਘ ਡੋਗਰੇ ਆਦਿ ਨੂੰ ਖਰੀਦ ਕੇ ਜੰਗ ਜਿੱਤੀ ਸੀ। ਕਈਆਂ ਨੂੰ ਚਾਰ-ਚਾਰ ਮੁਰੱਬੇ ਦਿਤੇ ਗਏ, ਕਈਆਂ ਨੂੰ ਉੱਚ ਪਦਵੀਆਂ ਦਿਤੀਆਂ ਗਈਆਂ ਇਸ ਸਭ ਲਈ ਇਤਿਹਾਸ ਦੀ ਗਵਾਹੀ ਹੈ :

(ਦੇਖੋ ਪੰਨਾ 228 ਤੋਂ 241 ਸੰਖੇਪ ਸਿੱਖ ਇਤਿਹਾਸ ਪ੍ਰੋ· ਪਿਆਰਾ ਸਿੰਘ ਪਦਮ)

ਜਦ ਪਹਿਲੇ ਪਹਿਲ ਸ਼੍ਰੋ. ਗੁ. ਪ੍ਰ. ਕਮੇਟੀ ਦਾ ਗਠਨ ਹੋਇਆ ਤਾਂ ਸਰਕਾਰ ਨੂੰ ਉਸ ਵਿਚ ਆਪਣੇ ਬੰਦਿਆਂ ਰਾਹੀਂ ਘੁਸਪੈਠ ਦਾ ਸੁਨਹਿਰੀ ਮੌਕਾ ਮਿਲ ਗਿਆ। ਸੋ ਆਪਣੇ ਮੰਤਵ ਦੀ ਪੂਰਤੀ ਲਈ ਇਸ ਮੌਕੇ ਨੂੰ ਹੱਥੋਂ ਨਹੀਂ ਜਾਣ ਦਿਤਾ। ਪਹਿਲੇ ਦਿਨ ਤੋਂ ਹੀ ਇਸ ਕਮੇਟੀ ਉਤੇ ਆਪਣੇ ਕਬਜ਼ੇ ਦੇ ਭਰਪੂਰ ਯਤਨ ਕੀਤੇ ਅਤੇ ਧੱਕੇ ਨਾਲ 36 ਮੈਂਬਰ ਖਰੀਦੇ ਹੋਏ ਪਵਾਏ।

(ਪੰਨਾ 280 ਸੰਖੇਪ ਸਿੱਖ ਇਤਿਹਾਸ ਪ੍ਰੋ. ਪਿਆਰਾ ਸਿੰਘ ਪਦਮ)

ਕਮੇਟੀ ਨੇ 1927 ਦੇ ਅਰੰਭ ਤੋਂ ਹੀ ਰਹਿਤ ਮਰਯਾਦਾ ਘੜਨ ਦਾ ਕੰਮ ਆਰੰਭ ਦਿਤਾ ਅਤੇ 14-3-1927 ਨੂੰ ਜਨਰਲ ਇਕੱਤਰਤਾ ਰਾਹੀਂ ਰਹੁ-ਰੀਤ ਸਬ-ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿਚ 25 ਮੈਂਬਰ ਸਨ। ਇਸ ਵਿਚ ਕੁਝ ਬ੍ਰਹਮ-ਗਿਆਨੀ ਰੂਹਾਂ ਵੀ ਸਨ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਉਹਨਾਂ ਦੀ ਹਾਜ਼ਰੀ ਕਾਰਨ ਜੋ ਰਹਿਤ-ਮਰਯਾਦਾ ਤਿਆਰ ਹੋਈ ਉਹ ਪੂਰਨ ਤੌਰ ਤੇ ਗੁਰਬਾਣੀ ਦੀ ਕਸਵੱਟੀ ਤੇ ਪੂਰੀ ਉਤਰਨ ਵਾਲੀ ਹੋਵੇਗੀ।

ਇਸ ਰਹੁ-ਰੀਤ ਸਬ-ਕਮੇਟੀ ਨੇ ਜਨਵਰੀ 1932 ਵਿਚ ਸਿੱਖ ਰਹੁ-ਰੀਤ ਦੇ ਨਾਂ ਹੇਠ ਸਿੱਖ ਰਹਿਤ ਮਰਯਾਦਾ ਦਾ ਖਰੜਾ ਸ਼੍ਰੋ ਗੁ. ਪ੍ਰ. ਕਮੇਟੀ ਨੂੰ ਅਗਲੀ ਕਾਰਵਾਈ ਹਿਤ ਸੌਂਪ ਦਿੱਤਾ। ਪਰ ਇਸ ਰਹੁ-ਰੀਤ ਸਬ-ਕਮੇਟੀ ਦਵਾਰਾ ਪੇਸ਼ ਕੀਤੀ ਰੀਪੋਰਟ ਵਿਚ 13 ਸਾਲ ਵਾਧੇ ਘਾਟੇ ਹੁੰਦੇ ਰਹੇ ਤੇ ਅੰਤ 1945 ਵਿਚ ਸ਼੍ਰੋ. ਗੁ. ਪ੍ਰ. ਕਮੇਟੀ ਨੇ ਆਪਣੀ ਪ੍ਰਵਾਨਗੀ ਦੀ ਮੋਹਰ ਲਾਈ।

(ਦੇਖੋ ਪੰਨਾ 1 ਤੋਂ 4 ਮੌਜੂਦਾ 'ਸਿੱਖ ਰਹਿਤ ਮਰਯਾਦਾ' ਸ਼੍ਰੋ. ਗੁ. ਪ੍ਰ. ਕਮੇਟੀ)

ਇਤਨੇ ਸਾਲ ਇਸ ਕਾਰਜ ਨੂੰ ਲਟਕਣ ਤੋਂ ਸਪੱਸ਼ਟ ਹੈ ਕਿ ਜਦ ਤਕ ਸਰਕਾਰੀ ਏਜੰਟਾਂ ਦੀ ਆਪਣੇ ਅੰਗਰੇਜ਼ ਆਕਾ ਦੀ ਦਿਤੀ ਗੁੜ੍ਹਤੀ ਅਨੁਸਾਰ ਪੂਰੀ ਤਸੱਲੀ ਨਹੀਂ ਹੋਈ, ਤਦ ਤੱਕ ਉਨ੍ਹਾਂ ਨੇ ਇਸ ਰਹੁ-ਰੀਤ ਨੂੰ ਪ੍ਰਵਾਨ ਨਹੀਂ ਹੋਣ ਦਿੱਤਾ ਅਤੇ ਵਾਧੇ ਘਾਟੇ ਕਰਵਾਉਂਦੇ ਰਹੇ।

ਸੋ ਮੌਜੂਦਾ ਰਹਿਤ ਮਰਯਾਦਾ, ਜੋ ਉਪਰੋਕਤ ਦਰਸਾਏ ਵੇਰਵਿਆਂ ਅਨੁਸਾਰ, ਅਨੇਕ ਵਾਧਿਆਂ ਘਾਟਿਆਂ ਉਪਰੰਤ ਅੰਗਰੇਜ਼ ਸਰਕਾਰ ਦੇ ਏਜੰਟਾਂ ਨੇ ਪਾਸ ਕਰਵਾਈ ਸੀ ਵਿਚ ਹੇਠ ਲਿਖੀਆਂ ਰਹਿਤਾਂ ਅਤੇ ਹੋਰ ਕਈ ਨੁਕਤੇ ਗੁਰਬਾਣੀ ਦੀ ਕਸਵੱਟੀ ਤੇ ਪਰਖਣ ਤੋਂ ਖੋਟੇ ਸਾਬਤ ਹੁੰਦੇ ਹਨ। ਇਸ ਰਹਿਤ

ਮਰਯਾਦਾ ਨੂੰ ਰਹੁ ਰੀਤ ਸਬ-ਕਮੇਟੀ ਦੁਵਾਰਾ ਪੇਸ਼ *Original* ਰੀਪੋਰਟ ਨਾਲ ਟਾਕਰਾ ਕਰਨ ਨਾਲ ਅੰਗਰੇਜ਼ੀ ਹੱਥ ਹੋਣਾ ਪ੍ਰਤੱਖ ਸਾਬਤ ਹ ਜਾਏਗਾ।

ਢਿੱਲਾਂ ਦਾ ਵੇਰਵਾ ;

II (1) ਕੁੱਠਾ–ਗੁਰਬਾਣੀ ਅਨੁਸਾਰ ਕਿਸੇ ਜੀਵ ਨੂੰ ਕੋਹ ਕੇ, ਕੱਟ ਵੱਢ ਕੇ ਪ੍ਰਾਪਤ ਕੀਤਾ ਮਾਸ / ਪਰ ਰਹਿਤ ਮਰਯਾਦਾ ਅਨੁਸਾਰ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਗਿਆ ਮਾਸ।

II (2) ਕਕਾਰ–ਗੁਰਬਾਣੀ ਅਨੁਸਾਰ ਪੰਜਵਾਂ ਕਕਾਰ 'ਕੇਸਕੀ ਦਸਤਾਰ' ਹੈ ਪਰ ਰਹਿਤ ਮਰਯਾਦਾ ਅਨੁਸਾਰ 'ਕੇਸ' ਹੈ ਜੋ ਪਹਿਲੇ ਹੀ ਬੇਅਦਬੀ ਦੇ ਰੂਪ ਵਿਚ ਬੱਜਰ ਕੁਰਹਿਤਾਂ ਵਿਚ ਲਏ ਜਾ ਚੁਕੇ ਹਨ। 'ਸਾਬਤ ਸੂਰਤਿ ਦਸਤਾਰ ਸਿਰਾ ॥'

ਸ੍ਰੀ ਮੁਖਵਾਕ ਪਾ. 5 (ਅੰਗ 1083)

II (3) ਨਿਤਨੇਮ ਦੀਆਂ ਬਾਣੀਆਂ–ਇਹ ਸੱਤ ਹਨ ਜਦ ਕਿ ਉਪਰੋਕਤ ਰਹਿਤ ਮਰਯਾਦਾ ਅਨੁਸਾਰ 5 ਹਨ ਅਤੇ ਅਨੰਦ ਸਾਹਿਬ ਦੀਆਂ 40 ਪਉੜੀਆਂ ਤੋਂ ਘਟਾ ਕੇ 6 ਕੀਤੀਆਂ ਹਨ।

II (4) ਗੁਰੂ ਕਾ ਲੰਗਰ ਅਤੇ ਕੜਾਹ ਪ੍ਰਸ਼ਾਦ–ਗੁਰੂ ਕਾ ਲੰਗਰ ਕੇਵਲ ਉਹ ਹੀ ਹੈ ਜਿਸ ਵਿਚ ਲੰਗਰ ਤਿਆਰ ਕਰਨ ਵਾਲੇ ਤਥਾ ਵਰਤਾਉਣ ਵਾਲੇ ਤਿਆਰ-ਬਰ-ਤਿਆਰ ਸਿੰਘ/ਸਿੰਘਣੀਆਂ ਨਾਮ ਬਾਣੀ ਦਾ ਸਿਮਰਨ ਕਰਦੇ ਹੋਏ ਸੇਵਾ ਕਰਨ। ਪਰ ਕਮੇਟੀ ਅਨੁਸਾਰ ਕੋਈ ਵੀ ਸੇਵਾ ਕਰ ਸਕਦਾ ਹੈ।

II (5) ਹਰ ਪ੍ਰਕਾਰ ਦੇ ਗਹਿਣੇ ਪਾਉਣੇ ਵਿਵਰਜਿਤ ਹਨ।

II (6) ਗੁਰਮਤਿ ਅਨੁਸਾਟ ਸੰਗਤਿ ਅਤੇ ਖਾਣ ਪੀਣ ਦੀ ਵਰਤਣ ਕੇਵਲ ਅੰਮ੍ਰਿਤਧਾਰੀ ਗੁਰਸਿੱਖਾਂ ਨਾਲ ਰਖਣੀ ਚਾਹੀਦੀ ਹੈ। ਉਪ੍ਰੋਕਤ ਰਹਿਤ ਮਰਯਾਦਾ ਅਨੁਸਾਰ ਸਿਰਗੁੰਮ ਅਤੇ ਨੜੀਮਾਰ ਆਦਿ ਨਾਲ ਸੰਗਤ ਤੇ ਵਰਤਣ ਦੀ ਮਨਾਹੀ ਹੈ ਅਤੇ ਵਰਤਣ ਤੋਂ ਭਾਵ ਐਸੇ ਬੰਦਿਆਂ ਨਾਲ ਰਿਸ਼ਤਾ ਗੰਢ ਕੇ ਬਰਾਦਰੀ ਬਨਾਉਣ ਨਾਲ ਹੈ।

ਕਿਸੇ ਵੀ ਗਲ ਦਾ, ਕੰਮ ਦਾ, ਰੀਤੀ ਦਾ ਜਾਂ ਅਸੂਲ ਦਾ, ਨੇਮ ਦਾ ਗੁਰਮਤਿ ਅਨੁਸਾਰੀ ਹੋਣਾ ਜਾਂ ਨਾ ਹੋਣਾ ਗੁਰਬਾਣੀ ਦੀ ਕਸਵੱਟੀ ਉਤੇ ਪਰਖ

ਕੇ ਸਹੀ ਉਤਰ ਮਿਲ ਸਕਦਾ ਹੈ। ਸੋ ਇਸ ਸੰਬੰਧ ਵਿਚ ਉਪਰੋਕਤ ਨੁਕਤਿਆਂ ਉਤੇ ਗੁਰਬਾਣੀ ਅਨੁਸਾਰ ਵਿਸਥਾਰ ਸਹਿਤ ਵਿਚਾਰ ਪੇਸ਼ ਹਨ :

II (1) ਕੁਠਾ–ਮਾਸ / ਅੰਡਾ ਖਾਣ ਬਾਰੇ–

(ੳ) ਥੋੜ੍ਹਾ ਤੇ ਸਾਦਾ ਖਾਣ ਦਾ ਗੁਰ ਫੁਰਮਾਨ ਹੈ। (ਮਾਸ ਖਾਣਾ ਇਨ੍ਹਾਂ ਹੁਕਮਾਂ ਤੋਂ ਉਲਟ ਹੈ)।

1. ਅਲਪ ਅਹਾਰ ਸੁਲਪ ਸੀ ਨਿੰਦਰਾ ਦਇਆ ਛਿਮਾ ਤਨਿ ਪ੍ਰੀਤ (ਪਾ. 10)
2. ਸੰਤਾਂ ਕਾ ਦਾਨਾ ਰੁਖਾ ਸੋ ਸਰਬ ਨਿਧਾਨ ॥ (ਅੰਗ 811)
3. ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ ॥
   ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਈ ਜੀਉ ॥ (ਅੰਗ 1379)
4. ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟ ॥ (ਅੰਗ 790)
5. ਹਉ ਤਿਸੁ ਘੋਲ ਘੁਮਾਇਆ ਥੋੜਾ ਸਵੇਂ ਥੋੜਾ ਹੀ ਖਾਵੇ ॥
   (ਭਾ. ਗੁਰਦਾਸ ਜੀ, ਵਾਰ 13)
6. ਅੰਮ੍ਰਿਤ ਖਾਣਾ ਅੰਮ੍ਰਿਤ ਪੈਨਣਾ ਨਾਨਕ ਨਾਮ ਵਡਾਈ ਹੋਇ ॥ (ਅੰਗ 511)
7. ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ ॥ (ਅੰਗ 1121)
8. ਖੰਡਿਤ ਨਿੰਦਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥ (ਅੰਗ 938)
9. ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥
   ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
   ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
   (ਆਸਾ ਦੀ ਵਾਰ-ਪਉੜੀ 7)

(ਅ)–ਜੀਅ ਦਇਆ ਪ੍ਰਵਾਣੁ (ਹਿੰਸਾ ਅਤੇ ਜੀਵ ਦਾ ਝਟਕਾਣਾ ਇਨ੍ਹਾਂ ਹੁਕਮਾਂ ਦੇ ਉਲਟ ਹੈ)

1. ਧੌਲੁ ਧਰਮੁ ਦਇਆ ਕਾ ਪੂਤੁ ॥ (ਅੰਗ 3)
2. ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ (ਅੰਗ 136)
3. ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
   (ਆਸ਼ਾ ਦੀ ਵਾਰ ਸਲੋਕ 15)
4. ਦੁਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥ (ਅੰਗ 300)
5. ਮਨਿ ਸੰਤੋਖੁ ਸਰਬ ਜੀਅ ਦਇਆ ॥ (ਅੰਗ 299)
6. ਜੀਵਤ ਮਰੈ ਤਾ ਸਭ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥
   ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥ (ਅੰਗ 940)
7. ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥ (ਅੰਗ 1245)

8. ਦਯਾਲੈ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ।। (ਅੰਗ 1357)

9. ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥ (ਅੰਗ 1253)

10. ਜਿਸੁ ਮਨੁ ਮਾਨੇ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ ।। (1198)

(ੲ)–ਜੀਭ ਦੇ ਚਸਕੇ ਬਿਵਰਜਿਤ ਹਨ–

(ਮਾਸ ਸਭ ਤੋਂ ਵੱਡਾ ਜੀਭ ਦਾ ਚਸਕਾ)

1. ਜੇਤਾ ਮੋਹ ਪ੍ਰੀਤ ਸੁਆਦ ਸਭਾ ਕਾਲਖ ਦਾਗਾ ਦਾਗ ॥ (ਅੰਗ 562)
2. ਬਹੁ ਸਾਦਹੁ ਦੂਖ ਪ੍ਰਾਪਤਿ ਹੋਵੈ ।। (ਅੰਗ 1030)
3. ਜਬ ਲਗ ਰਸੁ ਤਬ ਲਗੁ ਨਹੀ ਨੇਹੁ ।। (ਅੰਗ 378)
4. ਜੇਤੇ ਰਸੁ ਸਰੀਰ ਕੇ ਤੇਤੇ ਲਗਹਿ ਦੁਖ ।। (ਅੰਗ 1278)
5. ਜਾ ਕਉ ਰਸੁ ਹਰਿ ਰਸੁ ਹੈ ਆਇਓ ਸੋ ਆਨਰਸੁ ਨਹੀ ਲਪਟਾਇਓ ।। (ਅੰਗ 189)
6. ਹਰਿ ਰਸ ਪੀਵੈ ਅਲਮਸਤ ਮਤਵਾਰਾ ਆਨਰਸਾ ਸਭਿ ਹੋਛੇ ਰੇ ।। (377)
7. ਰਾਰਾ ਰਸੁ ਨਿਰਸ ਕਰਿ ਜਾਨਿਆ ।।
   ਹੋਇ ਨਿਰਸ ਸੁ ਰਸੁ ਪਹਿਚਾਨਿਆ ।।
   ਇਹ ਰਸ ਛਾਡੇ ਉਹ ਰਸੁ ਆਵਾ ।।
   ਉਹ ਰਸੁ ਪੀਆ ਇਹੁ ਰਸੁ ਨਹੀ ਭਾਵਾ ।। (ਅੰਗ 342)
8. ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ।।
   ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ ।। (ਅੰਗ 483)

(ਸ) ਹਰ ਜੀਅ ਵਿਚ ਪ੍ਰਮਾਤਮਾ ਦੀ ਜੋਤ ਹੈ :

(ਜੀਅ ਝਟਕਾਣ ਸਮੇਂ ਸਾਡੀਆਂ ਅੱਖਾਂ ਇਸ ਹੁਕਮ ਵਲੋਂ ਬੰਦ)

1. ਘਟ ਘਟ ਮੈ ਹਰ ਜੂ ਬਸੈ ਸੰਤਨ ਕਹਿਓ ਪੁਕਾਰਿ ।। (ਅੰਗ 1426)
2. ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ।। (ਅੰਗ 1356)

(ਹ)–ਜੀਅ ਮਾਰਨ ਵਾਲਾ ਹਤਿਆਰਾ, ਪਾਪੀ, ਜ਼ਾਲਮ ਅਤੇ ਕਸਾਈ :

1. ਅਸੰਖ ਗਲ ਵਢਿ ਹਤਿਆ ਕਮਾਹਿ ॥
ਅਸੰਖ ਪਾਪੀ ਪਾਪੁ ਕਰਿ ਜਾਹਿ ॥ (ਅੰਗ 2)

2. ਜੀਅ ਬਧਹੁ (ਵਢਣਾ)
ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰ ਥਾਪਹੁ ਕਾ ਕਉ ਕਹਹੁ ਕਸਾਈ ॥ (ਅੰਗ 102)

3 ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥
ਦਫਤਰ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥ (ਅੰਗ 1375)

4. ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥
ਦਫਤਰ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥ (ਅੰਗ 1375)

5. ਸੀਹ ਪਜੂਤੀ ਬਕਰੀ ਮਰਦੀ ਹੋਈ ਹੜ ਹੜ ਹਸੀ ॥
ਸੀਹੁ ਪੁਛੈ ਵਿਸਮਾਦ ਹੋਇ ਇਤੁ ਅਉਸਰ ਕਿਤੁ ਰਹਸਿ ਰਹਸੀ ॥
ਬਿਨਉ ਕਰੇਦੀ ਬਕਰੀ ਪੁਤਰ ਅਸਾਡੇ ਕੀਚਨਿ ਖਸੀ ॥
ਅਕ ਧਤੂਰਾ ਖਾਧਿਆ ਕੁਹਿ ਕੁਹਿ ਖਲ ਉਖਲਿ ਵਿਣਸੀ ॥
ਮਾਸ ਖਾਨ ਗਲ ਵਢਿ ਕੈ ਹਾਲ ਤਿਨਾੜਾ ਕਉਣ ਹੋਵੱਸੀ ॥
(ਭਾ. ਗੁਰਦਾਸ ਵਾਰ 25)

6. ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤ ਲੋਨੁ ॥ (ਅੰਗ 1347)
ਹਰਾ ਰੋਟੀ (ਮਾਸ ਰੋਟੀ) ਕਾਰਨੇ ਗਲਾ ਕਟਾਵੈ ਕਉਨੁ ॥

(ਕ) ਮਾਸ ਖਾਣ ਵਾਲੇ ਦਾ ਸਭ ਕੀਤਾ ਧਰਮ ਕਰਮ ਨਸ਼ਟ ਤੇ ਪਾਰ ਉਤਾਰਾ ਨਹੀਂ ।

1. ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜ ਜੋ ਪ੍ਰਾਨੀ ਖਾਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਹਿ ॥ (ਅੰਗ 1377)

2. ਜੇਕਰਿ ਉਧਰੀ ਪੂਤਨਾ ਵਿਹੁ ਪਿਆਲਣੁ ਕੰਮ ਨ ਚਗਾ ॥...
ਜੇ ਕਸਾਈ ਉਧਰਿਆ ਜੀਆਂ ਘਾਇ ਨ ਖਾਈਐ ਭੰਗਾ ॥
(ਭਾਈ ਗੁਰਦਾਸ ਵਾਰ 19)

(ਖ)–ਮਾਸ ਖਾਣ ਕਰਕੇ ਚਿਤ ਨਿਰਮਲ ਨਹੀਂ ਰਹਿੰਦਾ ਤੇ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ ।

1. ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਨਸਾ ਤਿਨ ਕਿਉ ਨਿਰਮਲੁ ਚੀਤੁ ॥ (ਅੰਗ 140)

ਜੇ ਤਨ ਤੇ ਪਹਿਨੇ ਕਪੜੇ ਉਤੇ ਖੂਨ ਦੀ ਛਿਟ ਪੈ ਜਾਏ ਤਾਂ ਉਹ ਪੁਸ਼ਾਕ ਅਪਵਿੱਤਰ ਹੋ ਗਈ ਮੰਨੀ ਜਾਂਦੀ ਹੈ ਤਾਂ ਫਿਰ ਜਿਹੜੇ ਮਨੁੱਖ ਜਾਨਵਰਾਂ, ਪੰਛੀਆਂ ਨੂੰ ਮਾਰ ਕੇ ਮਾਸ ਦੇ ਰੂਪ ਵਿਚ ਉਨ੍ਹਾਂ ਦੀ ਰੱਤ ਪੀਂਦੇ ਹਨ ਉਹਨਾਂ ਦਾ ਚਿੱਤ ਕਿਵੇਂ ਪਵਿੱਤਰ ਰਹਿ ਸਕਦਾ ਹੈ। ਉਪਰੋਕਤ ਸਲੋਕ ਵਿਚ 'ਮਾਣਸਾ' ਸ਼ਬਦ ਦਾ ਉਚਾਰਣ ਬਿੰਦੇ ਰਹਿਤ ਹੈ ਤੇ ਵਿਆਕਰਣ ਅਨੁਸਾਰ ਇਹ ਕਰਤਾ ਕਾਰਕ ਬਹੁ-ਵਚਨ ਦਾ ਸਾਧਾਰਨ ਰੂਪ ਹੈ। ਇਸ ਲਈ ਸ਼ਬਦ 'ਮਾਣਸਾਂ' ਨਹੀਂ ਜੈਸਾ ਕਿ ਕਈ ਟੀਕਾਕਾਰ ਵਿਆਕਰਣ ਤੋਂ ਅਨਜਾਣ ਕਰਦੇ ਹਨ।

2. ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (ਅੰਗ 16)

ਗੁਰਮਤਿ ਅਨੁਸਾਰ ਜੀਵਨ ਦਾ ਮਨੋਰਥ ਖਾਣ, ਪੀਣ, ਪਹਿਨਣ ਆਦਿ ਵਿਚ ਚਿਤ ਜੋੜਨਾ ਨਹੀਂ ਹੈ ਬਲਕਿ ਅਠੇ ਪਹਿਰ ਉਠਦਿਆਂ ਬੈਠਦਿਆਂ, ਚਲਦਿਆਂ ਫਿਰਦਿਆਂ ਆਪਣੀ ਕਿਰਤ ਕਰਦਿਆਂ ਚਿੱਤ ਗੁਰੂ ਚਰਨਾਂ ਨਾਲ ਜੋੜ ਕੇ ਨਾਮ ਦਾ ਸਿਮਰਨ ਕਰਨਾ ਹੈ।

ਜੋ ਸਾਸਿ ਗ੍ਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥ (ਅੰਗ 305)

ਭਾਵ—ਇਕ ਸਾਸ ਵੀ ਨਾਮ ਤੋਂ ਖਾਲੀ ਨਾ ਜਾਏ।

ਸੋ ਇਸ ਮਨੋਰਥ ਦੀ ਪੂਰਤੀ ਲਈ ਹੀ ਸਤਿਗੁਰੂ ਜੀ ਨੇ ਸਾਦਾ ਤੇ ਥੋੜ੍ਹਾ ਭੋਜਨ ਛਕਣ ਦੇ ਉਪਰ ਦਰਸਾਏ ਹੁਕਮ ਕੀਤੇ ਹਨ ਜਿਸ ਕਾਰਣ ਸਰੀਰ ਅਰੋਗ ਤੇ ਸਦਾ ਸਾਵਧਾਨ ਰਹਿੰਦਾ ਹੈ। ਸੁਸਤੀ ਆਦਿ ਨੇੜੇ ਨਹੀਂ ਆਉਂਦੀ ਅਤੇ ਇਸ ਆਦਰਸ਼ਕ ਭੋਜਨ ਨੂੰ ਤਿਆਗ ਕੇ ਹੋਰ ਮਾਸ ਜਾਂ ਸੁਆਦਾਂ ਹੇਤ ਜ਼ਿਆਦਾ ਮਸਾਲੇਦਾਰ ਆਦਿ ਦਾ ਭੋਜਨ ਕਰਨਾ ਖੁਸ਼ੀ ਖੁਆਰ ਹੋਣਾ ਹੀ ਹੈ। ਇਸ ਭੋਜਨ ਨਾਲ ਨਿਰਸੰਦੇਹ ਤਨ ਨੂੰ ਅਨੇਕ ਪ੍ਰਕਾਰੀ ਰੋਗ ਚੰਬੜਦੇ ਹਨ ਤੇ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ। ਇਸੇ ਕਾਰਣ ਸਤਿਗੁਰੂ ਜੀ ਨੇ ਨਸ਼ਿਆਂ ਦੀ (ਕੁਠਾ ਮਦ) ਅਤੇ ਤਮਾਕੂ ਦੀ ਮਨਾਹੀ ਕੀਤੀ ਹੈ ਕਿਉਂਕਿ ਮਾਸ ਦੀ ਤਰਾਂ ਇਹ ਵੀ ਤਨ ਨੂੰ ਅਨੇਕ ਪ੍ਰਕਾਰੀ ਰੋਗ ਲਗਾਉਂਦੇ ਹਨ ਤੇ ਮਨ ਨੂੰ ਵਿਕਾਰਾਂ ਵਲ ਧਕਦੇ ਹਨ।

ਪੰਥ ਦੀ ਪਨੀਰੀ ਨੂੰ ਤਬਾਹ ਕਰਨ ਦਾ ਕਾਫੀ ਹੱਦ ਤੱਕ ਮਾਸ ਜ਼ਿੰਮੇਵਾਰ ਹੈ। ਮਾਸ, ਅੰਡਾ, ਤਾਮਸਕ ਵਸਤੂ ਹੈ ਤੇ ਮਨ ਨੂੰ ਵਿਕਾਰਾਂ ਵਲ ਧੱਕਦਾ ਹੈ। ਐਸੇ ਵਿਕਾਰੀ ਮਨ ਨੇ ਨੌਜਵਾਨ ਤੋਂ ਪਤਿਤ ਕਰਮ ਹੀ ਕਰਵਾਣੇ ਹਨ।

(ਗ)–ਕੁੱਠਾ ਅਤੇ ਝਟਕਾ–

ਪੰਥ ਵਿਚ ਝਟਕਾ ਮਾਸ ਆਮ ਪ੍ਰਚਲਤ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਨੂੰ ਕਿਉਂ ਤੇ ਕਿਸ ਨੇ ਪ੍ਰਵਾਨਗੀ ਦਿੱਤੀ ਹੈ ਕਿਉਂਕਿ ਝਟਕਾ ਸ਼ਬਦ

ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਨਹੀਂ ਆਇਆ, ਨਾ ਹੀ ਰਹਿਤ ਮਰਯਾਦਾ ਅਤੇ ਰਹਿਤਨਾਮਿਆਂ ਵਿਚ ਆਇਆ ਹੈ ਪਰ ਮਾਸ ਭਾਵੇਂ ਹਲਾਲ ਹੋਵੇ ਜਾਂ ਝਟਕਾ ਇਸ ਨੇ ਸਰੀਰ ਅੰਦਰ ਜਾ ਕੇ ਆਪਣਾ ਕੰਮ ਕਰਨਾ ਹੀ ਹੈ। ਤਨ ਨੂੰ ਰੋਗ ਵੀ ਲਗਾਉਣੇ ਹਨ ਤੇ ਮਨ ਨੂੰ ਵਿਕਾਰਾਂ ਵਲ ਧੱਕਣਾ ਹੀ ਧੱਕਣਾ ਹੈ। ਜਿਸ ਪ੍ਰਕਾਰ ਭੰਗ ਨੂੰ ਸੁਖ ਨਿਧਾਨ ਦਾ ਨਾਂ ਦੇਣ ਨਾਲ ਇਸ ਨੇ ਸਰੀਰ ਅੰਦਰ ਜਾ ਕੇ ਕੋਈ ਅੰਮ੍ਰਿਤ ਨਹੀਂ ਬਣ ਜਾਣਾ। ਸ਼ਰਾਬ ਨੂੰ ਪੰਜ ਰਤਨੀ ਦਾ ਨਾਂ ਦੇਣਾ ਵੀ ਇਸੇ ਪ੍ਰਕਾਰ ਹੀ ਹੈ ਅਤੇ ਮਾਸ ਨੂੰ ਮਹਾਂ ਪ੍ਰਸ਼ਾਦ ਦਾ ਨਾਂ ਦੇ ਕੇ ਖਾਈ ਜਾਣ ਨਾਲ ਇਸ ਨੇ ਵਿਕਾਰ ਉਤਪੰਨ ਕਰਨ ਦੀ ਥਾਂ ਅੰਦਰ ਸਤੋਗੁਣੀ ਨਹੀਂ ਬਣ ਜਾਣਾ। ਗੁਰਬਾਣੀ ਵਿਚ ਸਤਿਗੁਰੂ ਜੀ ਨੇ ਕਿਧਰੇ ਵੀ ਝਟਕਾ ਸ਼ਬਦ ਨਹੀਂ ਵਰਤਿਆ। ਬੱਜਰ ਕੁਰਹਿਤ ਹੈ 'ਕੁਠਾ ਖਾਣਾ'। ਇਸਦੇ ਅਰਥ ਹਨ ਜੀਵ ਨੂੰ ਕੋਹ ਕੇ ਹਤਿਆ ਕਰਕੇ ਪ੍ਰਾਪਤ ਕੀਤਾ ਮਾਸ ਨਹੀਂ ਖਾਣਾ। ਜਿਸ ਪ੍ਰਕਾਰ ਗੁਰਬਾਣੀ ਵਿਚ 'ਰੁਠਾ' (ਰੁਸਿਆ ਹੋਇਆ), ਮੁਠਾ (ਮੋਹਿਆ ਹੋਇਆ), ਵੁਠਾ (ਵਸਿਆ ਹੋਇਆ) ਤੁਠਾ (ਤੁਠ ਕੇ) ਆਦਿ ਸ਼ਬਦ ਆਏ ਹਨ ਇਸੇ ਪ੍ਰਕਾਰ ਕੁਠਾ ਦੇ ਅਰਥ ਕੋਹਿਆ ਹੋਇਆ ਸਪੱਸ਼ਟ ਬਣਦੇ ਹਨ। ਮੌਜੂਦਾ ਸ਼੍ਰੋ. ਗੁ. ਪ੍ਰ. ਕਮੇਟੀ ਦੀ ਰਹਿਤ ਮਰਯਾਦਾ ਵਿਚ ਕੁਠਾ ਦੇ ਅਰਥ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤੇ 'ਮਾਸ' ਦੇ ਇਕ ਫੁਟ ਨੋਟ ਰਾਹੀਂ ਦਿਤੇ ਗਏ ਹਨ। ਇਸ ਤੋਂ ਇਹ ਪੁਸ਼ਟੀ ਹੁੰਦੀ ਹੈ ਕਿ ਕਿਸੇ ਬਾਹਦ ਦੀ ਸਟੇਜ ਤੇ ਅੰਗਰੇਜ਼ੀ ਸਰਕਾਰ ਦੇ ਏਜੰਟਾਂ ਨੇ ਰਹਿਤ ਮਰਯਾਦਾ ਵਿਚ ਵਾਧੇ ਘਾਟੇ ਕਰਵਾਉਂਦੇ ਸਮੇਂ ਕਿਸੇ ਪ੍ਰਕਾਰ ਇਹ ਫੁਟ ਪਵਾ ਕੇ ਆਪਣੇ ਮੰਤਵ ਦੀ ਪੂਰਤੀ ਕੀਤੀ। ਸੋ ਰਹਿਤ ਮਰਯਾਦਾ ਵਿਚ ਇਹ ਫੁਟ ਪੈ ਜਾਣ ਨਾਲ ਬਾਕੀ ਹਰ ਪ੍ਰਕਾਰ ਦੇ ਮਾਸ ਖਾਣ ਦੀ ਖਾਲਸੇ ਨੂੰ ਖੁਲ੍ਹ ਹੋ ਗਈ ਭਾਵੇਂ ਗਾਂ ਜਾਂ ਹੋਰ ਕਿਸੇ ਵੀ ਜੀਵ ਖੋਤੇ, ਸੱਪ ਆਦਿ ਦਾ ਹੋਵੇ ਕੋਈ ਮਨਾਹੀ ਨਹੀਂ ਹੈ। ਭਾਵੇਂ ਕਿਸੇ ਨਿਗੁਰੇ ਗੁਰਮੰਤ੍ਰ ਹੀਣਸ ਦਾ ਬਣਾਇਆ ਹੋਵੇ, ਜਿਸ ਨੂੰ ਸਤਿਗੁਰੂ ਜੀ 'ਧ੍ਰਿਗੰਤ ਜਨਮ ਭ੍ਰਿਸ਼ਟਣੇ' ਦਾ ਨਾਂ ਦੇਂਦੇ ਹਨ, ਭਾਵੇਂ ਚੂੜੇ ਚੰਡਾਲ ਆਦਿ ਦਾ ਬਣਾਇਆ ਹੋਵੇ, ਸਭ ਠੀਕ ਹੈ। ਬਸ ਮੁਸਲਮਾਨੀ ਤਰੀਕੇ ਨਾਲ ਨਾ ਬਣਿਆ ਹੋਵੇ। ਇਹ ਵਿਚਾਰ ਗਹਿਰਾਈ ਨਾਲ ਸੋਚਣ ਉਪਰੰਤ 'ਕੁਠਾ' ਦੇ ਧੱਕੇ ਸ਼ਾਹੀ ਨਾਲ ਕੀਤੇ ਮੁਸਲਮਾਨੀ ਤਰੀਕੇ ਨਾਲ ਬਣੇ ਮਾਸ ਦੇ ਅਰਥ ਨੰਗੇ ਹੋ ਜਾਂਦੇ ਹਨ।

ਸੋ ਇਸ ਨੇ ਖਾਲਸੇ ਦੀ ਆਤਮਿਕ ਸ਼ਕਤੀ ਨੂੰ ਮਲੀਆਮੇਟ ਕਰਕੇ ਰੱਖ ਦਿੱਤਾ। ਇਹੀ ਕਾਰਣ ਹੈ ਕਿ ਅੱਜ ਪੰਥ ਦੇ ਮਹਾਨ ਗੁਣੀ-ਗਿਆਨੀ ਪ੍ਰਚਾਰਕ, ਜ ਇਹ ਖਾਂਦੇ ਹਨ ਸਾਰੇ ਹੀ ਹਉਮੈ ਅਤੇ ਨਕਟੀ (ਮਾਯਾ) ਦੀ ਤਕੜੀ ਜਕੜ ਵਿਚ ਹਨ। ਸਤੇ ਬਲਵੰਡ ਵਾਂਗ ਕੀਰਤਨ ਪ੍ਰਚਾਰ ਦੀ ਸੇਵਾ ਲਈ ਪਹਿਲਾਂ

ਮਟੀਆਂ ਫੀਸਾਂ ਲੈਣ ਦੀਆਂ ਸ਼ਰਤਾਂ ਲਾਉਂਦੇ ਹਨ । ਪੰਥ ਦਾ ਦਰਦ ਅਤੇ ਪੰਥ ਦੀ ਨਿੱਗਰ ਸੇਵਾ ਵਲ ਐਸੇ ਕਿਸੇ ਬੰਦੇ ਦੀ ਰੁਚੀ ਨਹੀਂ ਹੈ ਤੇ ਹੋ ਵੀ ਨਹੀਂ ਸਕਦੀ ਕਿਉਂਕਿ ਬੰਦਾ ਜੋ ਕੁਛ ਵੀ ਕਰਦਾ ਹੈ ਉਹ ਆਪਣੇ ਮਨ ਦੇ ਡਾਇ-ਰੈਕਸ਼ਨ ਤੋਂ ਕਰਦਾ ਹੈ। ਮਨ ਤਾਂ ਪਹਿਲੇ ਹੀ ਕਾਲਾ ਹੈ। ਗੁਰਵਾਕ ਹੈ :

'ਇਸ ਮਨ ਕਉ ਜਨਮ ਜਨਮ ਕੀ ਮੱਲ ਲੱਗੀ ਕਾਲਾ ਹੋਇਆ ਸਿਆਹ'

ਉਤੋਂ ਜੀਵਾਂ ਦੇ ਹਤਿਆ ਕਰਨ ਅਤੇ ਉਨ੍ਹਾਂ ਦੇ (ਮਾਸ ਰੂਪ ਵਿਚ) ਖ਼ੂਨ ਪੀਣ ਦੇ ਪਾਪਾਂ ਦੀ ਮੈਲ ਹੋਰ ਦਿਨ-ਬ-ਦਿਨ ਚੜ੍ਹਨ ਕਾਰਨ ਮਨ ਹੋਰ ਕਾਲਾ ਹੋਈ ਜਾਂਦਾ ਹੈ। ਐਸੇ ਮਨ ਨੇ ਕਾਲੇ ਹੀ ਕੰਮ ਬੰਦੇ ਕੋਲੋਂ ਕਰਵਾਉਣੇ ਹਨ। ਚਿੱਟਾ ਹੋਵੇ ਤਾਂ ਚਿੱਟੇ ਕੰਮ ਕਰਵਾਏ। ਇਸ ਮਨ ਨੇ ਚਿੱਟਾ ਹੋਣਾ ਹੈ। ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ ਉਠ ਕੇ ਸਕੇਸ਼ ਇਸ਼ਨਾਨ ਕਰਕੇ ਸਵੇਰੇ ਦਿਨ ਚੜ੍ਹੇ ਤਕ ਇਕਾਗਰ-ਚਿਤ ਨਾਮ / ਬਾਣੀ) ਦੇ ਸਿਮਰਨ ਉਪਰੰਤ ਕਿਸੇ ਗੁਰਦੁਆਰੇ ਵਿਚ ਜਾ ਕੇ ਕੀਰਤਨ ਦੇ ਰੰਗ ਮਾਨਣ ਅਤੇ ਫੇਰ ਸਾਰਾ ਦਿਨ ਕਾਰ-ਵਿਹਾਰ ਕਰਦਿਆਂ ਸਿਮਰਨ ਕਰਨ ਨਾਲ। ਇਹ ਸਤਿਗੁਰੂ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਗੁਰਸਿੱਖ ਦੀ ਪਰਿਭਾਸ਼ਾ ਕਰਦਿਆਂ ਵਰਨਣ ਕੀਤਾ ਹੈ ਦੇਖੋ ਸ਼ਬਦ : ਗੁਰ ਸਤਿਗੁਰ ਕਾ ਜੋ ਸਿਖ ਅਖਾਏ (ਅੰਗ 305)

ਇਸ ਸ਼ਬਦ ਵਿਚ ਉਪਰੋਕਤ ਦਰਸਾਈ ਗੁਰਮਤਿ ਕਮਾਈ ਦੇ ਨਾਲ ਇਹ ਵੀ ਹੁਕਮ ਕੀਤਾ ਹੈ—

ਜੋ ਸਾਸਿ ਗ੍ਰਾਸਿ ਧਿਆਇ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥

ਮਾਸ ਖਾ ਖਾ ਕੇ ਜਿਸ ਮਨ ਤੇ ਮੈਲ ਦਰ ਮੈਲ ਚੜ੍ਹੀ ਹੋਈ ਹੈ ਉਸ ਨੇ ਤਾਂ ਕੀ ਇਕਾਗਰ ਚਿਤ ਹੋਣਾ ਹੈ ਤੇ ਕੀ ਅੰਮ੍ਰਿਤ ਵੇਲੇ ਦੇ ਨਾਮ ਬਾਣੀ ਦੇ ਰੰਗ ਮਾਣਨੇ ਹਨ। ਐਸੇ ਸੱਜਣ ਆਪਣੇ ਅੰਦਰ ਸੱਚੇ ਦਿਲੋਂ ਝਾਤੀ ਮਾਰ ਕੇ ਵੇਖ ਲੈਣ ਕਿ ਕੀ ਉਹਨਾਂ ਦਾ ਜੀਵਨ ਸਤਿਗੁਰ ਜੀ ਦੀ ਦਰਸਾਈ ਗੁਰਸਿੱਖ ਦੀ ਪਰਿਭਾਸ਼ਾ ਮੁਤਾਬਕ ਹੈ ? ਪ੍ਰਚਾਰਕ / ਆਗੂ ਦੇ ਪ੍ਰਚਾਰ ਦਾ ਤਾਂ ਹੀ ਅਸਰ ਦੂਸਰਿਆਂ ਤੇ ਹੁੰਦਾ ਹੈ ਜੇ ਕਰ ਉਸਦਾ ਆਪਣਾ ਜੀਵਨ ਗੁਰਮਤਿ ਅਨੁਸਾਰ ਹੈ। ਇਹੀ ਕਾਰਣ ਹੈ ਕਿ ਅਨੇਕ ਪ੍ਰਕਾਰੀ ਪ੍ਰਚਾਰ ਉਪਰੰਤ ਵੀ ਸਿੱਖ ਜਨਤਾ ਕੱਚੇ ਪਿੱਲੇ ਅਖੌਤੀ ਸੰਤਾਂ, ਮਹੰਤਾਂ, ਡੇਰੇਦਾਰਾਂ ਆਦਿ ਜੋ ਜ਼ਿਆਦਾ ਤਰ ਭਨਿਆਰੇ ਵਾਲੇ ਅਤੇ ਸਰਸੇ ਵਾਲੇ ਡੇਰੇ ਆਦਿ ਦੇ ਹੀ ਭਾਈ-ਬੰਦ ਹਨ, ਨੇ ਕਿਸੇ ਨਾ ਕਿਸੇ ਬਹਾਨੇ ਸਹਿਜੇ ਹੀ ਆਪਣੇ ਪਿਛੇ ਲਗਾਈ ਹੋਈ ਹੈ।

ਦਾਸ ਨੇ ਵੀ ਪਹਿਲੇ ਮਾਸ ਖਾਣ ਵਾਲਾ ਅੰਮ੍ਰਿਤ ਛਕਿਆ ਸੀ ਪਰ ਜੀਵਨ ਗੁਰੂ ਹੁਕਮਾਂ ਅਨੁਸਾਰ ਨਹੀਂ ਢਾਲ ਸਕਿਆ। ਇਸ ਕਾਰਣ ਦੋਬਾਰਾ ਮਾਸ ਨਾ ਖਾਣ ਵਾਲਾ ਅਤੇ ਮਾਸ ਨਾ ਖਾਣ ਵਾਲਿਆਂ ਤੋਂ ਅੰਮ੍ਰਿਤ ਛਕਣ ਤੇ

ਜ਼ਾਹਰਾ ਰੂਪ ਵਿਚ ਪਤਾ ਲੱਗਾ ਕਿ ਸਚਮੁਚ ਹੀ ਅੰਮ੍ਰਿਤ ਇਕ ਕਲਾ ਕ੍ਰਿਸ਼ਮੀ ਦਾਤ ਹੈ ਜਿਸ ਦੇ ਛਕਣ ਸਾਰ ਹੀ ਜੀਵਨ ਪਲਟ ਕੇ ਗੁਰਮਤਿ ਦੇ ਉੱਚ ਮੰਡਲਾਂ ਵਿਚ ਪੁਜ ਜਾਂਦਾ ਹੈ।

ਦਾਸ ਇਸਦੀ ਪ੍ਰੋੜ੍ਹਤਾ ਵਿਚ ਆਪਣੀ ਹੱਡ-ਬੀਤੀ ਸੰਗਤਾਂ ਦੀ ਗਿਆਤ ਹਿਤ ਪੇਸ਼ ਕਰਕੇ ਸਤਿਗੁਰੂ ਜੀ ਦੀ ਖੁਸ਼ੀ ਲੈਂਦਾ ਹੈ ਜੋ ਇਸ ਪ੍ਰਕਾਰ ਹੈ :

1. ਦਾਸ ਆਪਣੇ ਜੀਵਨ ਵਿਚ ਕਦੇ ਵੀ ਅੰਮ੍ਰਿਤ ਵੇਲੇ ਇੱਕ ਜਾਂ ਦੋ ਵਜੇ ਉਠਣ ਦਾ ਨੇਮੀ ਨਹੀਂਸੀ ਪਰ ਇਹ ਅੰਮ੍ਰਿਤ ਛਕਣ ਦੇ ਪਹਿਲੇ ਦਿਨ ਤੋਂ ਹੀ ਸਤਿਗੁਰੂ ਜੀ ਨੇ ਸਵੇਰੇ ਇੱਕ-ਦੋ ਵਜੇ ਤੋਂ ਅੰਮ੍ਰਿਤ ਵੇਲੇ ਦੀ ਸੰਭਾਲਨਾ ਦੀ ਬਖਸ਼ਿਸ਼ ਕੀਤੀ ਹੋਈ ਹੈ।

ਦਾਸ ਨੇ 1968 ਵਿਚ ਦੋਬਾਰਾ ਮਾਸ ਖਾਣ ਦੀ ਪਾਬੰਦੀ ਵਾਲਾ ਅੰਮ੍ਰਿਤ ਛਕਿਆ। ਉਸ ਸਮੇਂ ਦਾਸ ਜੈਪੁਰ ਵਿਚ ਸੈਂਟਰਲ ਗੌਰਮਿੰਟ ਦੀ ਕੰਪਨੀ 'ਸਾਲਟ ਕਾਰਪੋਰੇਸ਼ਨ ਆਫ਼ ਇੰਡੀਆ' ਵਿਚ ਅਕਾਊਂਟੈਂਟ ਦੀ ਸੇਵਾ ਤੇ ਲਗਿਆ ਹੋਇਆ ਸੀ। ਇਸ ਕਾਰਪੋਰੇਸ਼ਨ ਦਾ ਸਕੱਤਰ ਸ੍ਰੀ ਬੀ. ਬੀ. ਮੁਕਰਜੀ ਬੰਗਾਲੀ ਸੀ। ਇਹ ਇਕ ਚੇਨ ਸਮੋਕਰ ਸੀ। ਦਾਸ ਦਾ ਅਫਸਰ ਹੋਣ ਦੇ ਨਾਤੇ ਇਸ ਕੋਲ ਕਈ ਵਾਰ ਦਫਤਰ ਦੇ ਕੰਮ ਨਾਲ ਜਾਣਾ ਪੈਂਦਾ ਸੀ।

ਸਿਗਰਟ ਦਾ ਧੂੰਆਂ ਬਰਦਾਸ਼ਤ ਤਾਂ ਨਹੀਂ ਸੀ ਹੁੰਦਾ ਪਰ ਉਸ ਨੂੰ ਕਹਿਣ ਦੀ ਹਿੰਮਤ ਨਹੀਂ ਸੀ ਪੈਂਦੀ। ਅੰਮ੍ਰਿਤ (ਦੋਬਾਰਾ) ਛਕਣ ਉਪਰੰਤ ਜਦ ਦਾਸ ਪਹਿਲੇ ਦਿਨ ਦਫਤਰ ਗਿਆ ਤਾਂ ਸਵੇਰੇ ਹੀ ਉਸ ਦਾ ਪੀ. ਏ. ਸ੍ਰੀ ਰੇਵਤੀ ਰਮਨ ਸ਼ਰਮਾ ਮੇਰੇ ਪਾਸ ਆਇਆ ਤੇ ਕਹਿਣ ਲੱਗਾ ਕਿ ਮੁਕਰਜੀ ਸਾਹਿਬ ਤੁਹਾਨੂੰ ਯਾਦ ਕਰਦੇ ਹਨ। ਜ਼ਰੂਰੀ ਕੰਮ ਹੈ ਜਲਦੀ ਆ ਜਾਓ। ਦਾਸ ਨੇ ਆਪਣੀ ਪੱਕੀ ਨੌਕਰੀ ਦੀ ਪਰਵਾਹ ਨਾ ਕਰਦਿਆਂ ਉਸ ਨੂੰ ਕਿਹਾ ਕਿ ਦਾਸ ਨੇ ਹੁਣ ਅੰਮ੍ਰਿਤ ਪਾਨ ਕਰ ਲਿਆ ਹੈ ਤੇ ਸਾਹਿਬ ਨੂੰ ਕਹਿ ਦਿਉ ਕਿ ਸਿਗਰਟ ਬੰਦ ਕਰਕੇ ਕਮਰੇ ਦੀਆਂ ਸਾਰੀਆਂ ਖਿੜਕੀਆਂ ਤੇ ਦਰਵਾਜ਼ੇ ਖੋਲ੍ਹ ਦੇਣ ਤੇ ਦਸ ਮਿੰਟ ਬਾਅਦ ਤੁਹਾਨੂੰ ਫੇਰ ਮੇਰੇ ਪਾਸ ਭੇਜਣ ਤਾਂ ਮੈਂ ਆ ਜਾਵਾਂਗਾ। ਪੀ.ਏ. ਨੇ ਇੰਜ ਹੀ ਕਹਿ ਦਿਤਾ ਤਾਂ ਉਸ ਨੂੰ ਅੱਗ ਲੱਗ ਗਈ ਤੇ ਮੈਨੂੰ ਨਾ ਬੁਲਾਇਆ ਤੇ ਅਗੋਂ ਜੋ ਗੱਲ ਕਰਨੀ ਹੋਵੇ ਲਿਖ ਕੇ ਭੇਜ ਦੇਵੇ ਤਾਂ ਮੈਂ ਉਸ ਦਾ ਉਤਰ ਲਿਖ ਕੇ ਭੇਜ ਦੇਵਾਂ। ਕੁਛ ਦਿਨ ਬਾਅਦ ਉਸ ਨੇ ਮੇਰੀ ਬਦਲੀ ਇਕ ਪਿੰਡ ਵਿਚ ਕਰਨ ਲਈ ਮੇਰੀ ਪਰਸਨਲ ਫਾਈਲ ਵਿਚ ਮਸੌਦਾ ਤਿਆਰ ਕੀਤਾ। ਦਾਸ ਸਿੰਘਾਂ ਦੀ ਸੰਗਤ ਹੋਣ ਕਰਕੇ ਜੈਪੁਰ ਛੱਡ ਕੇ ਕਿਸੇ ਕੀਮਤ ਤੇ ਵੀ ਉਥੋਂ ਜਾਣਾ ਨਹੀਂ ਸੀ ਚਾਹੁੰਦਾ।

ਕੁਦਰਤ ਐਸੀ ਹੋਈ ਕਿ ਉਸ ਦਿਨ ਹੀ ਮੈਨੂੰ ਕਾਰਪੋਰੇਸ਼ਨ ਦਾ ਇਨਕਮ ਟੈਕਸ ਦਾ ਹਿਸਾਬ ਚੈਕ ਕਰਦਿਆਂ 8 ਲੱਖ ਰੁਪਏ ਦੀ ਐਸੀ ਗਲਤੀ ਮਿਲੀ

ਜੋ 6-7 ਸਾਲ ਪਹਿਲਾਂ ਹੋਈ ਸੀ ਅਤੇ ਉਸ ਗਲਤੀ ਕਾਰਨ ਸਾਢੇ ਚਾਰ ਲੱਖ ਵਧ ਇਨਕਮ ਟੈਕਸ ਭਰਿਆ ਹੋਇਆ ਸੀ। ਦਾਸ ਨੇ ਉਸੇ ਸਮੇਂ ਇਕ ਦਰਖਾਸਤ ਮੈਨੇਜਿੰਗ ਡਾਇਰੈਕਟਰ ਨੂੰ ਗਲਤੀ ਦਸਦਿਆਂ ਹੋਇਆਂ ਦਿਤੀ ਕਿ ਇਸ ਇਤਨੀ ਪੁਰਾਣੀ ਗਲਤੀ ਲੱਭਣ ਨਾਲ ਕੰਪਨੀ ਦਾ ਸਾਢੇ ਚਾਰ ਲੱਖ ਦਾ ਫਾਇਦਾ ਹੁੰਦਾ ਹੈ। ਇਸ ਲਈ ਇਸ ਫਾਇਦੇ ਦਾ ਦਸਵਾਂ ਹਿੱਸਾ ਮੈਨੂੰ ਇਨਾਮ ਵਜੋਂ ਦਿਤਾ ਜਾਵੇ। ਆਡੀਟਰ ਨੂੰ ਬੁਲਾਇਆ ਗਿਆ ਜਿਸ ਨੇ ਗਲਤੀ ਦੀ ਪ੍ਰੋੜਤਾ ਕਰ ਦਿੱਤੀ। ਸੋ ਇਸ ਦਰਖਾਸਤ ਨੂੰ ਮੇਰੀ ਪਰਸਨਲ ਫਾਈਲ ਵਿਚ ਲਗਾ ਕੇ ਅਗਲੀ ਕਾਰਵਾਈ ਸ਼ੁਰੂ ਹੋ ਗਈ। ਕੰਪਨੀ ਦੇ ਬੋਰਡ ਦੀ ਅਗਲੀ ਮੀਟਿੰਗ ਵਿਚ ਦਾਸ ਨੂੰ ਇਨਾਮ ਵਜੋਂ 500/- ਰੁ: ਪਾਸ ਹੋਏ ਅਤੇ ਮੇਰੇ (*Confidential Record*) ਵਿਚ ਲਾਲ ਸਿਆਹੀ ਨਾਲ ਇਸ ਕਾਰਜ ਦੀ ਪ੍ਰਸੰਸਾ ਲਿਖ ਦਿਤੀ ਗਈ। ਸੋ ਬਦਲੀ ਵਾਲਾ ਮਾਮਲਾ ਵਿਚੇ ਘੁਰਲ ਹੋ ਗਿਆ।

ਅਜੇ ਕੁਛ ਦਿਨ ਹੀ ਹੋਰ ਗੁਜ਼ਰੇ ਕਿ ਦਾਸ ਦੇ ਸਿਗਰਟ ਬਾਜ ਅਫਸਰ ਸ੍ਰੀ ਮੁਕਰਜੀ ਐਸੇ ਬੀਮਾਰ ਹੋਏ ਕਿ ਇਨ੍ਹਾਂ ਨੂੰ ਵਡੇ ਹਸਪਤਾਲ ਇਲਾਜ ਲਈ ਜਾਣਾ ਪਿਆ। ਦੋ ਮਹੀਨੇ ਬਾਦ ਉਥੋਂ ਛੁੱਟੀ ਮਿਲੀ ਅਤੇ ਦਫਤਰ ਆ ਕੇ ਉਸਨੇ ਸਭ ਤੋਂ ਪਹਿਲਾ ਕਮਰੇ ਦੀਆਂ ਸਾਰੀਆਂ ਖਿੜਕੀਆਂ ਅਤੇ ਦਰਵਾਜ਼ੇ ਖੋਲ੍ਹ ਕੇ ਆਪਣੇ ਪੀ. ਏ. ਨੂੰ ਮੇਰੇ ਪਾਸ ਭੇਜਿਆ ਕਿ ਸਭ ਖਿੜਕੀਆਂ ਤੇ ਦਰਵਾਜ਼ੇ ਖੁਲ੍ਹੇ ਹਨ ਅਤੇ ਹੁਣ ਉਥੇ ਕੋਈ ਸਿਗਰਟ ਨਹੀਂ ਪੀਤੀ ਗਈ ਇਸ ਲਈ ਮੇਰੇ ਪਾਸ ਆਉ। ਮੈਂ ਚਲਾ ਗਿਆ ਤੇ ਮੈਨੂੰ ਦੇਖ ਕੇ ਕਹਿਣ ਲੱਗਾ ਕਿ ਮਿਸਟਰ ਹਰਮਹਿੰਦਰ ਸਿੰਘ ਤੁਮਰਾ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਬਹੁਤ ਉੱਚਾ ਗੁਰੂ ਹੈ ਭਾਈ ਜਿਸਨੇ ਤੁਮ ਕੋ ਜਨਮ ਸੇ ਹੀ ਇਸ ਸਿਗਰਟ ਜੈਸੀ ਗੰਦੀ ਔਰ ਬੜੀ ਖਤਰਨਾਕ ਜਾਨ ਲੇਵਾ ਆਦਤ ਸੇ ਬਚਾਇਆ ਹੂਆ ਹੈ। ਜਬ ਹਮ ਹਸਪਤਾਲ ਗਿਆ ਤੋ ਮੁਝੇ ਚੈੱਕ ਕਰ ਕੇ ਡਾਕਟਰ ਬੋਲਾ ਭਾਈ ਅਗਰ ਤੁਮ ਔਰ ਜ਼ਿੰਦਗੀ ਚਾਹਤੇ ਹੋ ਤੋ ਸਿਗਰਟ ਕੋ ਪੀਨਾ ਹੀ ਨਹੀਂ ਇਸ ਕੋ ਦੇਖਣਾ ਹੀ ਬੰਦ ਕਰ ਦੋ। ਅਬ ਹਮ ਕਭੀ ਸਿਗਰਟ ਨਹੀਂ ਪੀਏਗਾ। ਉਪਰੰਤ ਕੁਛ ਸਮੇਂ ਬਾਦ ਜੈਪੁਰ ਵਿਚ ਹੀ ਦਾਸ ਨੂੰ ਤਰੱਕੀ ਕਰਕੇ ਅਕਾਊਂਟ ਅਫਸਰ ਬਣਾ ਦਿਤਾ ਗਿਆ ਇਸਤੋਂ ਪਹਿਲੇ ਦਾਸ ਨੂੰ ਤਰੱਕੀ ਦੇ ਕੇ ਅਕਾਊਂਟ ਅਫਸਰ ਬਣਾਕੇ ਹਿਮਾਚਲ ਪ੍ਰਦੇਸ ਅਤੇ ਗੁਜਰਾਤ ਆਦਿ ਦੀਆਂ ਬਰਾਂਚਾਂ ਵਿਚ ਭੇਜਣ ਦੇ ਆਰਡਰ ਕੀਤੇ ਗਏ ਪਰ ਦਾਸ ਜੈਪੁਰ ਦੀ ਸੰਗਤ ਨੂੰ ਨਾ ਛੱਡ ਸਕਣ ਕਾਰਨ ਹਰ ਵਾਰੀ ਤਰੱਕੀ ਨਾ-ਮਨਜ਼ੂਰ ਕਰਦਾ ਰਿਹਾ, ਫੇਰ ਖਾਸ ਤੌਰ ਤੇ ਦਾਸ ਲਈ ਜੈਪੁਰ ਦਫਤਰ 'ਚ ਹੀ ਅਕਾਊਂਟ ਅਫ਼ਸਰ ਦੀ ਪੋਸਟ ਮਨਜ਼ੂਰ ਕਰਵਾਈ ਗਈ। ਕਿਉਂਕਿ ਪਹਿਲਾਂ ਇਸ ਦਫਤਰ ਵਿਚ ਇਹ ਪੋਸਟ ਹੈ ਹੀ ਨਹੀਂ ਸੀ ਇਹ ਹੈ ਸਹੀ ਅੰਮ੍ਰਿਤ ਦੀ ਦਾਤ ਦਾ ਕਲਾ ਕ੍ਰਿਸ਼ਮੀ ਹੋਣ ਦਾ ਪ੍ਰਤੱਖ ਨਜ਼ਾਰਾ।

ਸੱਚਮੁਚ ਹੀ ਅੰਗਰੇਜ਼ਾਂ ਦਾ ਇਹ ਕਮਾਲ ਸੀ ਕਿ ਸਤਿਗੁਰੂ ਜੀ ਦੇ ਏਨੇ ਸਾਰੇ ਸਪੱਸ਼ਟ ਮਾਸ ਨਿਖੇਧੀ ਦੇ ਹੁਕਮਾਂ ਦੇ ਹੁੰਦਿਆਂ ਸਿੱਖਾਂ ਨੂੰ ਮਹਾਂ ਪ੍ਰਸ਼ਾਦ (ਝਟਕਾ) ਦੇ ਨਾਂ ਹੇਠ ਮਾਸ ਖੁਆ ਕੇ ਅੰਮ੍ਰਿਤ ਦੀ ਸ਼ਕਤੀ ਤੋਂ ਹੀਣ ਕਰ ਕੇ ਰਖ ਦਿਤਾ ਅਤੇ ਬੱਜਰ ਕੁਰਹਿਤ ਨੂੰ ਰਹਿਤ ਵਿਚ ਬਦਲਣ ਵਿਚ ਬਹੁਤ ਵਡੀ ਸਫਲਤਾ ਪ੍ਰਾਪਤ ਕਰ ਲਈ।

ਜਾਪਦਾ ਹੈ ਕਿ ਸਰਕਾਰੀ ਏਜੰਟਾਂ ਨੇ 'ਮਾਸੁ ਮਾਸੁ ਕਰ ਮੂਰਖ ਝਗੜੇ' ਵਾਲੇ ਸ਼ਬਦ ਅਤੇ 'ਅਭਾਖਿਆ ਕਾ ਕੁੱਠਾ ਬਕਰਾ ਖਾਣਾ' ਦੀ ਆੜ ਵਿਚ 'ਕੁੱਠਾ' ਦੇ ਅਰਥ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤੇ ਮਾਸ ਦੇ ਕਰਵਾ ਕੇ ਬੱਜਰ ਕੁਰਹਿਤ ਨੂੰ ਰਹਿਤ ਵਿਚ ਬਦਲਣ ਵਿਚ ਬਹੁਤ ਭਾਰੀ ਸਫਲਤਾ ਪ੍ਰਾਪਤ ਕਰ ਲਈ। ਕੁਠਾ ਦੇ ਅਰਥ ਕਿਸੇ ਪ੍ਰਕਾਰ ਵੀ ਮੁਸਲਮਾਨੀ ਤਰੀਕੇ ਨਾਲ ਬਣਾਏ ਮਾਸ ਦੇ ਨਹੀਂ ਬਣਦੇ ਜੋ ਉਪਰ ਦਰਸਾਇਆ ਜਾ ਚੁਕਾ ਹੈ। ਮਾਸ ਮਾਸ ਵਾਲੇ ਸ਼ਬਦ ਨੂੰ ਗਹੁ ਨਾਲ ਵਿਚਾਰਨ ਤੇ ਸਪੱਸ਼ਟ ਹੈ ਕਿ ਇਸ ਸ਼ਬਦ ਰਾਹੀਂ ਸਤਿਗੁਰੂ ਜੀ ਨੇ ਪਾਂਡਿਆਂ ਨੂੰ ਸਮਝਾਇਆ ਹੈ ਕਿ ਗਿਆਨ ਤੇ ਗੁਹਜ ਰਹੱਸ ਨੂੰ ਸਮਝੇ ਬਗੈਰ ਮਾਸ ਮਾਸ ਦੇ ਨਾਂ-ਮਾਤਰ ਤੋਂ ਛੂਹ-ਛੂਹ ਕਰਨਾ ਨਿਰੀ ਮੂਰਖਤਾ ਹੈ। ਇਸੇ ਸ਼ਬਦ ਵਿਚ ਖਾਣ ਯੋਗ ਤੇ ਨਾ ਖਾਣ ਯੋਗ ਅਹਾਰ ਬਾਰੇ ਸਤਿਗੁਰੂ ਜੀ ਨੇ ਫੁਰਮਾਇਆ ਹੈ :

ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧ ਗੁਰੂ ਜਿਨ ਕੇਰਾ (ਅੰਗ 1290)

ਕੀ ਇਸ ਫੁਰਮਾਨ ਤੋਂ ਕੋਈ ਗੁੰਜਾਇਸ਼ ਬਾਕੀ ਰਹਿ ਜਾਂਦੀ ਹੈ ਇਹ ਸਿਧ ਹੋਨ ਵਿਚ ਕਿ ਮਾਸ (ਅਭੱਖ) ਖਾਣ ਵਾਲੇ ਅੰਨ੍ਹੇ ਗੁਰੂ ਦੇ ਚੇਲੇ ਬਨ ?

ਅੰਨ ਦਾਲ ਸਬਜੀ ਮਨੁੱਖ ਦਾ ਕੁਦਰਤੀ ਅਹਾਰ ਹੈ। ਕੀ ਇਹਨਾਂ ਨੂੰ ਅਭਖੁ (ਨਾ ਖਾਣ ਯੋਗ ਕਿਹਾ ਜਾ ਸਕਦਾ ਹੈ ? ਅਤੇ ਕੀ ਸਾਡਾ ਗੁਰੂ ਜੋ ਏਹਨਾਂ ਦੇ ਖਾਣ ਦੀ ਇਜਾਜ਼ਤ ਦੇਂਦਾ ਹੈ, ਅੰਨ੍ਹਾ ਹੈ ? ਦੇਖੋ ਗੁਰ ਫੁਰਮਾਨ :

1. ਦਾਲਿ ਸੀਧਾ ਮਾਗਉ ਘੀਉ ਹਮਰਾ ਖੁਸੀ ਕਰੈ ਨਿਤ ਜੀਉ ॥ (ਅੰਗ 695)
2. ਅੱਧ ਸੇਰੁ ਮਾਂਗਉ ਦਾਲੇ ॥ ਮੋਕਉ ਦੋਨਉ ਵਖਤ ਜਿਵਾਲੇ ॥(ਅੰਗ 656)
3. ਦਾਲਿ ਸੀਧਾ ਮਾਗਉ ਘੀਓ ਹਮਰਾ ਖੁਸੀ ਕਰੈ ਨਿਤ ਜੀਉ ॥(,, 695)
4. ਲੰਗਰ ਦੌਲਤ ਵੰਡੀਐ ਰਸ ਅੰਮ੍ਰਿਤ ਖੀਰ ਘਿਆਲੀ ॥ (ਅੰਗ 656)
5. ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣ ॥ (ਅੰਗ 968)

ਗੁਰੂ ਸਾਹਿਬਾਂ ਅਤੇ ਭਗਤਾਂ ਨੇ ਪ੍ਰਮੇਸ਼ਰ ਤੋਂ ਹੋਰ ਵੀ ਕਈ ਮੰਗਾਂ ਮੰਗੀਆਂ ਹਨ ਪਰ ਕਿਸੇ ਪਾਈਆ ਜਾਂ ਅੱਧ ਸੇਰ ਮਾਸ ਨਹੀਂ ਮੰਗਿਆ ਸੋ ਉਪ੍ਰੋਕਤ ਵਿਚਾਰਾਂ ਤੋਂ ਚਿੱਟੇ ਦਿਨ ਵਾਂਗ ਇਹ ਸਿਧ ਹੈ ਕਿਸੇ ਪ੍ਰਕਾਰ ਦਾ ਕੋਈ ਮਾਸ ਅੰਡਾ ਖਾਣਾ ਬੱਜਰ ਕੁਰਹਿਤ ਹੈ।

II (2) ਕਕਾਰ–ਕੇਸ ਤਾਂ ਸਰੀਰ ਦਾ ਅੰਗ ਹਨ। ਇਹ ਕਿਸੇ ਪ੍ਰਕਾਰ ਵੀ ਪੰਜਵਾਂ ਕਕਾਰ ਨਹੀਂ ਹੋ ਸਕਦੇ। ਕਕਾਰ ਤਾਂ ਧਾਰਨ ਕਰਵਾਏ ਜਾਂਦੇ

ਹਨ ਅਤੇ ਸਰੀਰ ਤੋਂ ਅੱਡ ਬਾਹਰੋਂ ਆਉਂਦੇ ਹਨ ਪਰ ਕੇਸ ਤਾਂ ਸਰੀਰ ਦਾ ਹੀ ਅੰਗ ਹਨ ਅਤੇ ਜਨਮ ਤੋਂ ਹੀ ਅਕਾਲ ਪੁਰਖ ਨੇ ਧਾਰਨ ਕਰਵਾਏ ਹਨ ਅਤੇ ਦੂਸਰੇ ਕਕਾਰਾਂ ਵਾਂਗ ਕੋਈ ਬਾਹਰ ਦੀ ਵਸਤੂ ਨਹੀਂ ਹਨ। ਇਹਨਾਂ ਦੀ ਬੇਅਦਬੀ ਪਹਿਲੇ ਹੀ ਬੱਜਰ ਕੁਰਹਿਤ ਵਿਚ ਸ਼ਾਮਲ ਹੈ। ਇਹ ਇਕ ਕਾਮਨ-ਸੈਂਸ ਦੀ ਗੱਲ ਹੈ ਕਿ ਜਦ ਕੇਸਾਂ ਦੀ ਬੇਅਦਬੀ ਨੂੰ ਬੱਜਰ ਕੁਰਹਿਤ ਮੰਨ ਲਿਆ ਗਿਆ ਤਾਂ ਫਿਰ ਪੰਜਾਂ ਕਕਾਰਾਂ ਵਿਚ ਕੇਸਾਂ ਨੂੰ ਪੰਜਵਾਂ ਕਕਾਰ ਮੰਨਣ ਦਾ ਕੀ ਅਰਥ ਰਹਿ ਜਾਂਦਾ ਹੈ। ਪਰ ਕਿਉਂਕਿ ਅੰਗਰੇਜ਼ਾਂ ਦਾ ਅਸਲੀ ਨਿਸ਼ਾਨਾਂ ਸਿੱਖਾਂ ਨੂੰ ਵਧ ਤੋਂ ਵਧ ਰਹਿਤ ਹੀਨ ਕਰਨਾ ਸੀ ਇਸ ਲਈ ਕੇਸਕੀ ਦਸਤਾਰ ਦੀ ਥਾਂ ਕੇਸਾਂ ਨੂੰ ਪੰਜਵਾਂ ਕਕਾਰ ਨਿਰਧਾਰਤ ਕਰਵਾ ਕੇ ਪੰਜਾਂ ਦੀ ਥਾਂ ਚਾਰ ਕਕਾਰ ਕਰਵਾਉਣ ਵਿਚ ਸਫਲਤਾ ਪ੍ਰਾਪਤ ਕਰਕੇ ਸਿੱਖਾਂ ਨੂੰ ਪੰਜਵੇਂ ਕਕਾਰ ਤੋਂ ਵਾਂਝਿਆਂ ਕਰ ਦਿੱਤਾ। ਭਾਈ ਰਾਮਾ ਸਿੰਘ ਜੀ ਇਸ ਸਮੇਂ ਇੰਗਲੈਂਡ ਅਤੇ ਯੂਰਪੀ ਦੇਸ਼ਾਂ ਵਿਚ ਵੱਡੀ ਪੱਧਰ ਤੇ ਅੰਮ੍ਰਿਤ ਪ੍ਰਚਾਰ ਕਰ ਰਹੇ ਹਨ। ਇਹ ਇਕ ਹਿੰਦੂ ਪ੍ਰਵਾਰ ਵਿਚੋਂ ਹਨ ਅਤੇ ਅਲੀਗੜ੍ਹ ਦੇ ਛੜਿਵਾਲੀ ਪਿੰਡ ਦੇ ਵਾਸੀ ਹਨ ਆਪਣੀ ਪੁਸਤਕ 'ਰੂਪ ਗੋਬਿੰਦ ਕਾ, ਰਾਜ ਖਾਲਸੇ ਕਾ ਸਿੱਕਾ ਸੰਨੇ ਕਾ' ਦੇ ਪੰਨਾ 56 ਤੇ ਲਿਖਦੇ ਹਨ ਆਪਣੇ ਸਾਥੀਆਂ ਸਮੇਤ ਫਰਵਰੀ 1960 ਵਿਚ ਜਰਮਨੀ ਪਹੁੰਚੇ ਅਤੇ ਇਕ ਹੋਟਲ ਵਿਚ ਟਿਕਾਣਾ ਕੀਤਾ। (ਇਸ ਵਕਤ ਤਕ ਇਨ੍ਹਾਂ ਨੂੰ ਗੁਰਬਾਣੀ ਤੇ ਅਤੁਟ ਭਰੋਸਾ ਹੋ ਚੁਕਾ ਸੀ ਅਤੇ ਹਰ ਸਮੇਂ ਮਨ ਗੁਰਬਾਣੀ ਵਿਚ ਲੀਨ ਰਹਿੰਦਾ ਸੀ ਪਰ ਅਜੇ ਸਿੰਘ ਨਹੀਂ ਸਜੇ ਸਨ) ਥਕਾਵਟ ਕਾਫੀ ਸੀ ਤੇ ਰਾਤ ਦੇ 10-11 ਵਜ ਚੁਕੇ ਸਨ ਲੇਟਦਿਆਂ ਹੀ ਗਾੜ੍ਹੀ ਨੀਂਦ ਆ ਗਈ ਅਤੇ ਅੰਮ੍ਰਿਤ ਵੇਲੇ ਇਕ ਦੋ ਵਜੇ ਕਮਰੇ ਵਿਚ ਚਾਨਣ ਹੀ ਚਾਨਣ ਹੋ ਗਿਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਤੱਖ ਦਰਸ਼ਨ ਦਿਤੇ। ਮਹਾਰਾਜ ਜੀ ਨੇ ਮੈਨੂੰ ਪਹਿਲਾ ਬਚਨ ਕੀਤਾ ਕਿ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਜਾਵੇ, ਅਸੀਂ ਤੇਰੇ ਪਾਸੋਂ ਅੰਮ੍ਰਿਤ ਪ੍ਰਚਾਰ ਦੀ ਸੇਵਾ ਕਰਵਾਉਣੀ ਹੈ, ਕੁਛ ਹੋਰ ਬਚਨਾਂ ਦੇ ਨਾਲ ਸਤਿਗੁਰੂ ਜੀ ਨੇ ਇਕ ਬਚਨ ਕੀਤਾ ਕਿ ਮੈਂ ਆਪਣੇ ਕੋਲੋਂ ਖਾਲਸੇ ਨੂੰ ਪੰਜ ਕਕਾਰ ਦਿਤੇ ਸਨ—ਕਛਹਿਰਾ, ਕੰਘਾ, ਕੜਾ, ਕ੍ਰਿਪਾਨ ਅਤੇ ਕੇਸਕੀ। ਉਹਨਾਂ ਉਤੇ ਪੰਥ ਨੇ ਹੁਕਮ ਨਹੀਂ ਮੰਨਿਆਂ। ਪੰਜਵਾਂ ਕਕਾਰ ਕੇਸ ਲੱਗਾ ਦਿਤਾ ਮਹਾਰਾਜ ਜੀ ਨੇ ਹੁਕਮ ਕੀਤਾ ਬਗੈਰ ਕੇਸਕੀ ਦੇ ਅੰਮ੍ਰਿਤ ਪ੍ਰਚਾਰ ਨਹੀਂ ਕਰਨਾ।

ਸੋ ਕੇਸਾਂ ਦਾ ਪੂਰਾ ਸਤਿਕਾਰ ਕੇਸਕੀ ਦਸਤਾਰ ਤੋਂ ਬਿਨਾ ਅਸੰਭਵ ਹੈ। ਇਸੇ ਮੰਤਵ ਦੀ ਮਹਾਨਤਾ ਨੂੰ ਮੁਖ ਰਖ ਕੇ ਹੀ ਸਤਿਗੁਰੂ ਜੀ ਨੇ ਕੇਸਕੀ ਦਸਤਾਰ ਸਰੋਪੇ ਦੇ ਰੂਪ ਵਿਚ ਬਖਸ਼ਿਸ਼ ਕਰਨ ਦੀ ਪਰੰਪਰਾ ਚਲਾਈ। ਭਾਈ ਚੋਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਅੰਕਿਤ ਹੈ : ੍ਰਕੱਛ, ਕੜਾ, ਕ੍ਰਿਪਾਨ, ਕੰਘਾ, ਕੇਸਕੀ ਇਹ ਪੰਜ ਕਕਾਰੀ ਰਹਿਤ ਧਾਰੇ ਸਿੰਘ ਸੋਈ।

II (3) ਨਿਤਨੇਮ–ਸਿੱਖ ਦੀ ਮਹੱਤਵ ਪੂਰਨ ਰਹਿਤ ਨਿਤਨੇਮ ਦੀਆਂ ਸੱਤ ਬਾਣੀਆਂ ਹਨ :

ਜਪੁ, ਜਾਪੁ, ਤ੍ਵਪ੍ਰਸਾਦਿ ਸਵੱਯੇ (ਪਾ. 10) ਕਬਿਯੋਬਾਚ ਬੇਨਤੀ ਚੌਪਈ (ਪਾ. 10) ਅਨੰਦ ਸਾਹਿਬ, ਰਹਰਾਸਿ ਅਤੇ ਸੋਹਿਲਾ ਸਾਹਿਬ)।

ਇਸ ਰਹਿਤ ਨੂੰ ਵੀ ਨਹੀਂ ਬਖਸ਼ਿਆ ਗਿਆ। ਅਨੰਦ ਸਾਹਿਬ ਅਤੇ ਚੌਪਈ ਸਾਹਿਬ ਬਾਣੀਆਂ ਅੰਮ੍ਰਿਤ ਵੇਲੇ ਦੀਆਂ ਬਾਣੀਆਂ ਹਨ ਜੋ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਸਿੰਘਾਂ ਵਿਚ ਸੀਨਾ-ਬਸੀਨਾ ਚਲੀਆਂ ਆ ਰਹੀਆਂ ਹਨ, ਨੂੰ ਅੰਮ੍ਰਿਤ ਵੇਲੇ ਦੀਆਂ ਬਾਣੀਆਂ ਵਿਚੋਂ ਕੱਟ ਦਿਤਾ ਗਿਆ ਹੈ। ਇਹ ਇਕ ਬਹੁਤ ਭਾਰੀ ਸੱਟ ਹੈ। ਅਨੰਦ ਸਾਹਿਬ ਦੀਆਂ 40 ਪਉੜੀਆਂ ਵਿਚ ਗੁਰਮਤਿ ਜੀਵਨ ਰਹੱਸ ਦੇ ਅਨਮੋਲ ਰਤਨ ਬਹੁਤ ਸਰਲ, ਸੁਖੇਨ ਅਤੇ ਤੀਰ ਲਗਵੇਂ ਸ਼ਬਦਾਂ ਰਾਹੀਂ ਅੰਕਿਤ ਹਨ। ਇਸ ਲਈ ਪੁਰਾਤਨ ਸਮੇਂ ਤੋਂ ਹੀ ਇਹ ਪੂਰੀ ਬਾਣੀ ਨਿਤਨੇਮ ਵਿਚ ਸ਼ਾਮਲ ਹੈ। ਅੱਜ ਵੀ ਐਸੇ ਬਜ਼ੁਰਗ ਸਿੰਘ ਅੰਮ੍ਰਿਤ ਸੰਚਾਰ ਸਮੇਂ ਪੜ੍ਹੀਆਂ ਜਾਂਦੀਆਂ ਪੰਜੇ ਬਾਣੀਆਂ ਦਾ ਅੰਮ੍ਰਿਤ ਵੇਲੇ ਦਾ ਨਿਤਨੇਮ ਨਿਭਾਉਂਦੇ ਹਨ।

II (4) ਗੁਰੂ ਕਾ ਲੰਗਰ ਅਤੇ ਕੜਾਹ ਪ੍ਰਸ਼ਾਦ–ਲੰਗਰ ਗੁਰੂ ਘਰ ਦੀ ਇਕ ਅਤਿਅੰਤ ਹੀ ਪਵਿੱਤਰ ਪ੍ਰਥਾ ਹੈ ਅਤੇ ਇਹ ਛਕਣਹਾਰੇ ਦੇ ਮਨ ਉਤੇ ਗੁਰਮਤਿ ਦਾ ਚੁੰਬਕੀ ਅਸਰ ਕਰਨ ਦੀ ਆਕਰਸ਼ਕ ਸ਼ਕਤੀ ਰਖਦਾ ਹੈ। ਅਕਬਰ ਬਾਦਸ਼ਾਹ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰੋਂ ਲੰਗਰ ਛਕਣ ਤੇ ਉਸ ਦੇ ਮਨ ਤੇ ਇਤਨਾ ਅਸਰ ਹੋਇਆ ਕਿ ਉਸਨੇ ਲੰਗਰ ਲਈ ਗੁਰੂ ਘਰ ਦੇ ਨਾਂ ਜਗੀਰਾਂ ਲਗਾਉਣ ਦੀ ਪੇਸ਼ਕਸ਼ ਕੀਤੀ ਅਤੇ ਲੰਗਰ ਦੀ ਹਰ ਪੱਖੋ ਬਹੁਤ ਪ੍ਰਸੰਸਾ ਕੀਤੀ। ਇਹ ਇਸ ਕਾਰਣ ਸੀ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲੰਗਰ ਦਾ ਪ੍ਰਬੰਧ ਆਪਣੇ ਮਹਿਲ ਮਾਤਾ ਖੀਵੀ ਜੀ ਨੂੰ ਸੌਂਪਿਆ। ਮਾਤਾ ਜੀ ਇਕ ਮਹਾਨ ਨਾਮ ਰੱਤੜੀ ਰੂਹ ਸਨ। ਮਾਤਾ ਜੀ ਲੰਗਰ ਦੀ ਪਵਿੱਤਰਤਾ ਨੂੰ ਮੁੱਖ ਰੱਖਦੇ ਹੋਏ ਨਾਮ ਸਿਮਰਨ ਕਰਦੇ ਹੋਏ ਆਪਣੇ ਹੱਥੀਂ ਲੰਗਰ ਦੀ ਸੇਵਾ ਕਰਦੇ ਸਨ ਅਤੇ ਸੰਗਤ ਵਿਚੋਂ ਐਸੇ ਹੀ ਹੋਰ ਬੰਦਿਆਂ ਨੂੰ ਸੇਵਾ ਤੇ ਲਗਾਉਂਦੇ ਸਨ। ਸੋ ਲੰਗਰ ਅੰਮ੍ਰਿਤ ਰੂਪ ਬਣ ਕੇ ਛਕਣਹਾਰਿਆਂ ਦੇ ਹਿਰਦੇ ਤੇ ਗੁਰਮਤਿ ਦੇ ਰੰਗ ਦੀ ਠੰਢ ਵਰਤਾਉਂਦਾ ਹੈ ਜ਼ਰੂਰੀ ਹੈ ਕਿ ਲੰਗਰ ਦਾ ਪ੍ਰਬੰਧ ਇਸੇ ਪ੍ਰਕਾਰ ਅਗੋਂ ਵੀ ਚਲਦਾ ਰਿਹਾ।

ਇਸ ਦੇ ਉਲਟ ਜੋ ਨਾਮ ਹੀਣ, ਤਨਖਾਹੀਏ, ਪਤਿਤ, ਨਿਗੁਰੇ, ਬੀੜੀਆਂ, ਸਿਗਰਟਾਂ ਫੂਕਣ ਵਾਲੇ, ਤਮਾਕੂ ਰਗੜ ਰਗੜ ਫੱਕਣ ਵਾਲੇ, ਸ਼ਰਾਬੀਏ ਕਬਾਬੀਏ ਆਦਿ ਲੰਗਰ ਸਜਾਉਣ ਜਾਂ ਵਰਤਾਉਣ ਦੀ ਸੇਵਾ ਕਰਨਗੇ ਤਾਂ

ਐਸਾ ਲੰਗਰ, ਗੁਰੂ ਆਸੇ ਅਨੁਸਾਰ ਨਾ ਹੋਣ ਕਰਕੇ 'ਗੁਰੂ ਕਾ ਲੰਗਰ' ਨਹੀਂ ਕਹਿਲਾ ਸਕਦਾ ਅਤੇ ਨਾ ਹੀ ਐਸਾ ਲੰਗਰ ਉਹ ਲੰਗਰ ਹੋ ਸਕਦਾ ਹੈ ਜੋ ਬਾਦਸ਼ਾਹ ਅਕਬਰ ਨੇ ਛਕਿਆ ਸੀ। ਸੋ ਲੰਗਰ ਸਜਾਣ ਵਰਤਾਉਣ ਵਾਲੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਹੀ ਹੋਣੇ ਚਾਹੀਦੇ ਹਨ।

ਕੀ ਕਦੇ ਕਿਸੇ ਤਨਖਾਹੀਏ ਨੂੰ ਆਪਣੀ ਭੁੱਲ ਬਖਸ਼ਾਉਣ ਲਈ ਪੰਜਾਂ ਪਿਆਰਿਆਂ ਵਲੋਂ ਲੰਗਰ ਸਜਾਉਣ, ਕੜਾਹ ਪ੍ਰਸ਼ਾਦ ਤਿਆਰ ਕਰਨ ਜਾਂ ਵਰਤਾਉਣ ਦੀ ਸੇਵਾ ਲਾਈ ਗਈ ਹੈ ? ਕਦੀ ਨਹੀਂ। ਸੋ ਐਸੇ ਸਮੇਂ ਉਹਨਾਂ ਦੀ ਲੰਗਰ ਜਾਂ ਦੇਗ ਲਈ ਸੇਵਾ ਪ੍ਰਵਾਨ ਨਹੀਂ ਤਾਂ ਉਪ੍ਰੋਕਤ ਦਰਸਾਏ ਬੰਦੇ ਤਾਂ ਕਿਸੇ ਸੂਰਤ ਵਿਚ ਵੀ ਸੇਵਾ ਨਹੀਂ ਕਰ ਸਕਦੇ ਤੇ ਨਾ ਸੇਵਾ ਦੇ ਯੋਗ ਹਨ। ਸਗੋਂ ਤਨਖਾਹੀਏ ਸਿੰਘ ਨੂੰ ਤਨਖਾਹ ਪੂਰੀ ਕਰਨ ਤੋਂ ਪਹਿਲਾਂ ਲੰਗਰ ਅਤੇ ਦੇਗ ਸਜਾਉਣ ਤੇ ਵਰਤਾਉਣ ਤੋਂ ਵਰਜਤ ਕੀਤਾ ਜਾਂਦਾ ਹੈ।

ਇਹੀ ਨੇਮ ਕੜਾਹ ਪ੍ਰਸ਼ਾਦ ਤਿਆਰ ਕਰਨ ਅਤੇ ਵਰਤਾਉਣ ਲਈ ਹਨ। ਜੋ ਮਰਯਾਦਾ ਦੇਗ ਲਈ ਸ੍ਰੀ ਅਕਾਲ ਤਖਤ ਤੇ ਸਰਬ ਲੋਹ ਦੇ ਪਹਿਰੇ ਵਿਚ ਚਲ ਰਹੀ ਹੈ ਇਹ ਹੀ ਸਾਰੇ ਸੰਸਾਰ 'ਚ ਦੇਗ ਅਤੇ ਲੰਗਰ ਲਈ ਹੋਣੀ ਚਾਹੀਦੀ ਹੈ। ਸਤਿਗੁਰੂ ਜੀ ਨੇ ਸਰਬ ਲੋਹ ਨੂੰ ਬਹੁਤ ਮਹਾਨਤਾ ਦਿੱਤੀ ਹੈ। ਦੌਲਤ ਰਾਇ ਦੀ ਪੁਸਤਕ 'ਸਾਹਿਬੇ ਕਮਾਲ ਗੁਰੂ ਗੋਬਿਦ ਸਿੰਘ' ਦੇ ਅੰਗ 235 ਤੇ ਲਿਖਿਆ ਹੈ ਕਿ ਆਗਰੇ ਵਿਚ ਬਾਦਸ਼ਾਹ ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਪੁਛਿਆ ਕਰਾਮਾਤ ਹੈ ਜਾਂ ਨਹੀਂ। ਗੁਰੂ ਜੀ ਨੇ ਉਤਰ ਦਿੱਤਾ ਆਦਮੀ ਕਦੀ ਕੋਈ ਕਰਾਮਾਤ ਨਹੀਂ ਕਰ ਸਕਦਾ ਪਰ ਅਸੀਂ ਤਿੰਨ ਚੀਜ਼ਾਂ ਨੂੰ ਕਰਾਮਾਤ ਮੰਨਦੇ ਹਾਂ। ਪਹਿਲੀ ਸਰਬ ਲੋਹ ਦੀ ਕਰਾਮਾਤ ਐਸੀ ਹੈ ਕਿ ਸੰਸਾਰ ਭਰ ਦੀਆਂ ਵਸਤਾਂ ਇਸ ਤੋਂ ਪ੍ਰਾਪਤ ਹੋ ਸਕਦੀਆਂ ਹਨ। ਨਿਹੰਗ ਸਿੰਘ ਦਸਮ ਪਾਤਸ਼ਾਹ ਜੀ ਦੀ ਫੌਜ ਦੇ ਬੰਦੇ ਹਨ, ਇਹ ਆਪਣੇ ਲੰਗਰ ਪਾਣੀ ਲਈ ਸਰਬ ਲੋਹ ਦਾ ਅਜੇ ਵੀ ਪ੍ਰਯੋਗ ਕਰਦੇ ਹਨ। ਇਸ ਸੰਸਾਰ ਵਿਚ ਸਭ ਤੋਂ ਸ੍ਰੇਸ਼ਟ ਦਾਤ ਅੰਮ੍ਰਿਤ ਦੀ ਹੈ। ਇਸ ਲਈ ਵੀ ਸਤਿਗੁਰੂ ਜੀ ਨੇ ਸਰਬ ਲੋਹ ਹੀ ਵਰਤਿਆ ਹੈ। ਇਸ ਸਭ ਤੋਂ ਇਹ ਭਲੀ ਪ੍ਰਕਾਰ ਪਤਾ ਚਲਦਾ ਹੈ ਕਿ ਸਤਿਗੁਰੂ ਜੀ ਦੇ ਮਨ ਵਿਚ ਸਰਬ ਲੋਹ ਲਈ ਬਹੁਤ ਸਤਿਕਾਰ ਸੀ। ਸੋ ਸਾਨੂੰ ਵੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਦੀ ਖੁਸ਼ੀ ਲੈਣ ਲਈ ਸਰਬ ਲੋਹ ਦਾ ਵੱਧ ਤੋਂ ਵੱਧ ਪ੍ਰਯੋਗ ਕਰਨਾ ਚਾਹੀਦਾ ਹੈ।

ਕੜਾਹ ਕਰਨ ਦੀ ਬਿਧਿ ਸੁਨ ਲੀਜੈ ਤੀਨ ਭਾਗ ਕੋ ਸਮਸਰ ਕੀਜੈ ॥
ਲੇਪਨ ਆਗੈ ਬਹੁਕਰ ਦੀਜੈ ਮਾਂਜਨ ਕਰ ਭਾਂਜਨ ਧੋਵੀਜੈ ॥
ਕਰ ਇਸਨਾਨ ਪਵਿਤ੍ਰ ਹੋ ਬਹੈ ਵਾਹਿਗੁਰੂ ਬਿਨ ਅਵਰ ਨ ਕਹੈ ॥
ਕਰ ਤਿਆਰ ਚੌਕੀ ਪਰ ਧਰੈ ਚਾਰ ਓਰ ਕੀਰਤਨ ਬਹਿ ਕਰੈ ॥

(ਭਾ. ਨੰਦ ਲਾਲ ਸਿੰਘ ਜੀ)

II (5) ਗਹਿਣੇ–ਕੇਵਲ ਛਦਕ ਗਹਿਣੇ ਹੀ ਨਹੀਂ, ਹਰ ਪ੍ਰਕਾਰ ਦੇ ਗਹਿਣੇ ਪਾਉਣੇ ਵਿਵਰਜਤ ਹਨ। ਕਸਵੱਟੀ ਸਤਿਗੁਰੂ ਜੀ ਦਾ ਫੁਰਮਾਨ ਹੈ। ਜੋ ਇਸ ਪ੍ਰਕਾਰ ਹੈ : ਆਸਾ ਮਹਲਾ 1 ॥

ਮਨ ਮੋਤੀ ਜੇ ਗਹਿਣਾ ਹੋਵੈ, ਪਉਣ ਹੋਵੈ ਸੂਤਧਾਰੀ ॥
ਖਿਮਾ ਸੀਗਾਰੁ ਕਾਮਣਿ ਤਨਿ ਪਹਰੈ, ਰਾਵੈ ਲਾਲ ਪਿਆਰੀ ॥
ਲਾਲ ਬਹੁਗੁਣਿ ਕਾਮਣਿ ਮੋਹੀ ॥
ਤੇਰੇ ਗੁਣ ਹੋਹਿ ਨ ਅਵਰੀ ॥ਰਹਾਉ॥
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ, ਦਾਮੋਦਰ ਦੰਤੁ ਲੇਈ ॥
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥2॥
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰ ਪਟੁ ਲੇਈ ॥
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀ ਰੰਗੁ ਸੁਰਮਾ ਦੇਈ ॥3॥
ਮੰਨ ਮੰਦਰਿ ਜੇ ਦੀਪਕੁ ਜਾਲੇ ਕਾਂਇਆ ਸੇਜ ਕਰੇਈ ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗ ਕਰੇਈ ॥4॥
(ਅੰਗ 359)

ਸੋ ਗਿਆਨ ਰਾਉ ਨੂੰ ਰੀਝਾਣ ਹਿਤ ਇਸ ਸ਼ਬਦ ਵਿਚ ਦਰਸਾਏ ਗਹਿਣੇ ਹਰ ਇਸਤਰੀ, ਪੁਰਖ ਨੂੰ ਪਾਉਣ ਦੀ ਲੋੜ ਹੈ।

II (6) ਸੰਗਤ ਅਤੇ ਖਾਣ-ਪੀਣ ਦਾ–ਮਨ ਉਤੇ ਸਿੱਧਾ ਅਸਰ ਪੈਂਦਾ ਹੈ। ਇਹ ਮੰਨੀ-ਪ੍ਰਮੰਨੀ ਆਮ ਕਹਾਵਤ ਹੈ—'ਜੈਸੀ ਸੰਗਤ ਵੈਸੀ ਰੰਗਤ' ਅਤੇ 'ਜੈਸਾ ਅੰਨ ਵੈਸਾ ਮੰਨ'। ਯਥਾ ਗੁਰਵਾਕ—

1. ਉਤਮ ਸੰਗਤਿ ਉਤਮ ਹੋਵੈ ਗੁਣ ਕਉ ਧਾਵੈ ਅਵਗੁਣ ਧੋਵੈ ॥ (ਅੰਗ 141)
2. ਸੱਚੀ ਬੈਸਕ ਤਿਨਾ ਸੰਗਿ ਜਿਨ ਸੰਗਿ ਜਪੀਐ ਨਾਉ ॥ (ਅੱਗ 220)
3. ਮਹਾ ਪਵਿਤ੍ਰ ਸਾਧ ਕਾ ਸੰਗੁ ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥ (ਅੰਗ 342)
4. ਨਾਨਕ ਕਚੜਿਆਂ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥ (ਅੰਗ 1102)
5. ਮਨਮੁਖ ਸੇਤੀ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥ (ਅੰਗ 1317)
6. ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ (ਨਾਮਹੀਣ)
   ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥ (ਅੰਗ 790)
7. ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥
   ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥ (ਅੰਗ 811)
8. ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ
   (ਅੰਮ੍ਰਿਤਧਾਰੀ ਗੁਰਸਿੱਖਾਂ ਨਾਲ) ਸਿਉ ਬਿਉਹਾਰਾ ॥ (ਅੰਗ 114)
9. ਛੁਰੀ ਵਗਾਇਨਿ ਤਿਨ ਗਲਿ ਤਾਗ ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
   ਉਨਾ ਭਿ ਆਵਹਿ ਓਈ ਸਾਦ ॥ (ਅੱਗ 443)

ਦੇਖਿਆ ਇਸ ਅੰਗਰੇਜ਼ ਤੇ ਬੱਚੇ ਨੇ ਕੈਸੀ ਕਸਵੀਂ ਸੱਟ ਮਾਰੀ ਹੈ ਸਾਡੀ ਇਸ ਅਹਿਮ ਰਹਿਤ ਤੇ ਜਿਸ ਰਾਹੀਂ ਮਨ ਨੂੰ ਲਗਾਮ ਪਾ ਕੇ ਗੁਰਮਤਿ ਨਾਮ ਅਤੇ ਹੋਰ ਅਸੂਲਾਂ ਤੇ ਪਹਿਰਾ ਦੇਣ ਦੀ ਕਮਾਈ ਕਰਨੀ ਸੀ, ਉਹ ਲਗਾਮ ਹੀ ਸਾਡੇ ਹੱਥਾਂ ਛਡਾ ਦਿੱਤੀ।

ਹੁਣ ਵੇਖਣਾ ਇਹ ਹੈ ਕਿ ਕਚਰੇ, ਵੇਦੀਨ, ਮਨਮੁਖ ਸਾਕਤ ਕਉਨ ਹਨ। ਇਹ ਸਾਰੇ ਇਕ ਹੀ ਕੈਟਾਗਰੀ ਦੇ ਬੰਦੇ ਹਨ, ਜੋ ਰੱਬ ਨਾਲੋਂ ਟੁਟੇ ਹੋਏ ਸਤਿਗੁਰੂ ਅਤੇ ਸਤਿਗੁਰੂ ਜੀ ਦੀ ਮਤਿ ਨੂੰ ਤਿਆਗ ਕੇ ਆਪਣੇ ਮਨ ਦੇ ਪਿਛੇ ਲਗ ਕੇ ਟੁਰਦੇ ਹਨ। ਏਹਨਾਂ ਨੂੰ ਨਿਗੁਰਾ ਕਿਹਾ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ :

1. ਸਤਿਗੁਰੂ ਬਾਝਹੁ ਗੁਰੁ ਨਹੀ ਕੋਈ ॥
   ਨਿਗੁਰੇ ਕਾ ਹੈ ਨਾਉ ਬੁਰਾ॥ (ਅੰਗ 435)
2. ਗੁਰ ਮੰਤ੍ਰ ਹੀਣਸੁ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
   ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥(ਅੰਗ 1356)
3. ਗੁਰੁ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ ॥ (ਪਾ. 10)

ਸੋ ਸਤਿਗੁਰੂ ਜੀ ਦਾ ਤਾਂ ਇਹ ਫੁਰਮਾਨ ਹੈ ਕਿ ਅਜੇ ਬੰਦਿਆਂ ਦੇ ਹੱਥ ਦੀ ਬਣੀ ਵਸਤੂ ਭੋਜਨ ਆਦਿ ਨਹੀਂ ਖਾਣਾ ਨਾ ਏਹਨਾਂ ਨਾਲ ਦੋਸਤੀ ਪਾਣੀ ਹੈ, 'ਜਬ ਲਗ ਖਾਲਸਾ ਰਹੇ ਨਿਆਰਾ ਤਬ ਲਗ ਤੇਜ ਦੀਉ ਮੈ ਸਾਰਾ ॥' ਐਸੇ ਬੰਦੇ ਜੋ ਸਾਡੇ ਗੁਰਸਿੱਖਾਂ ਦੀ ਸੰਗਤ ਦੇ ਦਿਲੋਂ ਚਾਹਵਾਨ ਹੋਣ ਤਾਂ ਗੁਰਸਿੱਖਾਂ ਨੂੰ ਚਾਹੀਦਾ ਹੈ ਕਿ ਉਹਨਾਂ ਨੂੰ ਪਿਆਰ ਨਾਲ ਗੁਰਸਿੱਖੀ ਅਸੂਲਾਂ ਤੇ ਚਲਣ ਲਈ ਪ੍ਰੇਰਿਆ ਜਾਏ ਅਤੇ ਪ੍ਰਵਾਰ ਸਹਿਤ ਸਤਿਸੰਗ ਮੰਡਲਾਂ ਦੀ ਹਾਜਰੀ ਭਰਵਾਈ ਜਾਵੇ ਅਤੇ ਅੰਤ ਖੰਡੇ ਬਾਟੇ ਦਾ ਅੰਮ੍ਰਿਤ ਛਕਵਾ ਕੇ ਉਹਨਾਂ ਨੂੰ ਤਿਆਰ-ਬਰ-ਤਿਆਰ ਸਿੰਘ ਸਜਵਾ ਕੇ ਉਹਨਾਂ ਨਾਲ ਅਭੇਦ ਵਰਤਿਆ ਜਾਵੇ। ਪਰ ਅੰਗਰੇਜ਼ ਪੁੱਤਰ ਦੇ ਪਾਸ ਕਰਵਾਏ ਮੌਜੂਦਾ ਰਹਿਤਨਾਮੇ ਅਨੁਸਾਰ ਕੇਵਲ ਬੇ-ਅੰਮ੍ਰਿਤੀਏ ਦਾ ਜੂਠਾ ਨਹੀਂ ਖਾਣਾ ਬਾਕੀ ਉਸ ਦੇ ਹੱਥ ਦੇ ਬਣੇ ਪਕਵਾਨ ਖਾਣੇ ਉਸ ਨਾਲ ਦੋਸਤੀ ਪਾਣੀ, ਉਸ ਨਾਲ ਹੋਰ ਖਾਣ ਪੀਣ ਦੀ ਸਾਂਝ ਪਾਣ ਲਈ ਖੁਲ੍ਹ ਹੈ ਗੁਰਸਿੱਖ ਨੇ ਗੁਰਮਤਿ ਦੀ ਕਮਾਈ ਕਰਨੀ ਹੈ ਜਾਂ ਇੰਜ ਕਹੀਏ ਕਿ ਗੁਰਸਿੱਖੀ ਕਮਾਉਣੀ ਹੈ, ਆਪਣੇ ਮਨ ਦੇ ਰਾਹੀਂ, ਮਨ ਤੇ ਉਪ੍ਰੋਕਤ ਰਹਿਤਾਂ ਦੀ ਲਗਾਮ ਪਾ ਕੇ ਆਪਣੇ ਕਾਬੂ ਵਿਚ ਰਖ ਕੇ। ਸਤਿਗੁਰੂ ਜੀ ਫੁਰਮਾਉਂਦੇ ਹਨ :

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥

"ਭਈ ਪ੍ਰਾਪਤਿ ਮਾਨੁਖ ਦੇਹੁਰੀਆ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਅਵਰਿ ਕਾਜ ਤੇਰੈ ਕਿਤੈ ਨ ਕਾਮ ਮਿਲੁ ਸਾਧ ਸੰਗਤਿ ਭਜ ਕੇਵਲ ਨਾਮ ।।

ਇਹਨਾਂ ਹੁਕਮਾਂ ਤੋਂ ਇਹ ਗੱਲ ਸਪੱਸ਼ਟ ਨਿਤਰ ਕੇ ਸਾਹਮਣੇ ਆਉਂਦੀ ਹੈ ਕਿ ਸਾਡੇ ਜੀਵਨ ਦਾ ਮਨੋਰਥ ਪਰਮਾਤਮਾ ਨਾਲ ਮਿਲਾਪ ਕਰਨਾ ਹੈ ਜਿਸ ਲਈ ਆਪਣੇ ਸੰਸਾਰੀ ਜੰਜਾਲਾਂ ਨੂੰ ਵਧ ਤੋਂ ਵਧ ਘਟਾ ਕੇ ਸਾਸ ਗ੍ਰਾਸ ਗੁਰਮੰਤਰ ਦਾ ਸਿਮਰਨ ਇਕ ਮਨ ਇਕ ਚਿਤ / ਇਕਾਗਰ ਚਿਤ ਨਾਲ ਕਰਨ ਦਾ ਅਭਿਆਸ ਕਰਨਾ ਅਤਿਅੰਤ ਜ਼ਰੂਰੀ ਹੈ । ਗੁਰਬਾਣੀ ਅਤੇ ਗੁਰਮਤਿ ਨਾਮ ਗੁਰ ਮੰਤਰ ਦੋ ਵੱਖ ਵੱਖ ਦਾਤਾਂ ਹਨ । ਗੁਰਬਾਣੀ ਸਾਡਾ ਉਪਦੇਸ਼ ਦਾਤਾ ਹੈ । ਸੱਤ ਬਾਣੀਆਂ ਦਾ ਨਿਤਨੇਮ ਹਰ ਅੰਮ੍ਰਿਤਧਾਰੀ ਗੁਰਸਿੱਖ ਨੂੰ ਜ਼ਰੂਰ ਕਰਨਾ ਹੈ । ਇਹਨਾਂ ਬਾਣੀਆਂ ਦਾ ਪਾਠ ਬਹੁਤ ਸਹਿਜ ਅਵਸਥਾ ਵਿਚ ਇਕ ਮਨ ਇਕ ਚਿਤ ਹੋ ਕੇ ਕਰਨਾ ਹੈ ਤਾਂ ਜੋ ਸਾਨੂੰ ਪਤਾ ਲਗੇ ਕਿ ਸਾਨੂੰ ਕੀ ਉਪਦੇਸ਼ ਮਿਲ ਰਿਹਾ ਹੈ । ਜੋ ਉਪਦੇਸ਼ ਸਮਝ ਆਏ ਉਸ ਉਤੇ ਹਰ ਕੀਮਤ ਤੇ ਪਹਿਰਾ ਦੇਣਾ ਹੈ । ਉਪਦੇਸ਼ਾਂ ਸਿਰ ਉਪਦੇਸ਼ ਹੈ ਨਾਮ / ਗੁਰਮੰਤਰ ਜਪਣ ਦਾ ਗੁਰਬਾਣੀ ਦਾ ਫੁਰਮਾਨ ਹੈ :

'ਗੁਰਬਾਣੀ ਕਹੇ ਸੇਵਕ ਜਨ ਮਾਨੈ' ।।

ਸੋ ਹੁਕਮ ਹੈ "ਹਰਿ ਕਾ ਨਾਮ ਰਖ ਕੰਠ ਪਰੋਇ" ।।

ਅਤੇ ਜੋ ਸਾਸ ਗ੍ਰਾਸ ਧਿਆਇ ਮੇਰਾ ਹਰਿ ਹਰਿ ਸੋ ਗੁਰਸਿਖ ਗੁਰੂ ਮਨ ਭਾਵੈ ।।

ਭਾਵ—ਸਾਹ ਅੰਦਰ ਜਾਏ ਤਾਂ ਅੱਧਾ ਨਾਮ ਲੈਣਾ ਹੈ ਅਤੇ ਜਦ ਸਾਹ ਬਾਹਰ ਆਵੇ ਤਾਂ ਬਾਕੀ ਦਾ ਅੱਧਾ ਨਾਮ ਲੈਣਾ ਹੈ । ਇਹ ਸਾਸ ਗ੍ਰਾਸ ਤੋਂ ਭਾਵ ਹੈ । ਇਹ ਭੋਜਨ ਹੈ ਜਿਸ ਨੂੰ ਰੱਜ ਰੱਜ ਕੇ ਖਾਣ ਨਾਲ ਆਪਣੇ ਜੀਵਨ ਮਨੋਰਥ ਨੂੰ ਪੂਰਾ ਕਰ ਸਕਦੇ ਹਾਂ । ਹੁਕਮ ਹੈ 'ਸੱਚਾ ਅੰਮ੍ਰਿਤ ਨਾਮ ਭੋਜ ਆਇਆ ਰੱਜ ਰੱਜ ਭੋਜਨ ਖਾਹੁ ਮੇਰੇ ਭਾਈ' ਕੋਸ਼ਿਸ਼ ਇਹ ਹੋਵੇ ਕਿ ਇਕ ਸਵਾਸ ਵੀ ਅਜਾਈਂ ਨਾ ਜਾਏ ਕਿਉਂਕਿ ਹੁਕਮ ਹੈ ਜੋ ਦਮ (ਸਾਸ) ਚਿਤ ਨ ਆਵਈ ਸੋ ਦਮ ਬਿਰਥਾ ਜਾਇ । ਗੁਰਬਾਣੀ ਦੇ ਅਖੰਡਪਾਠਾਂ ਦੀਆਂ ਲੜੀਆਂ ਚਲਾਈ ਰਖਣੀਆਂ ਪਰ ਜੋ ਗੁਰਬਾਣੀ ਥਾਂ ਥਾਂ ਤੇ ਨਾਮ ਸਾਸਗ੍ਰਾਸ ਜਪਣ ਲਈ ਅਤੇ ਹੋਰ ਅਨੇਕ ਹੁਕਮ ਦੇਂਦੀ ਹੈ ਉਸ ਉਤੇ ਪਹਿਰਾ ਨਾ ਦਿਤਾ ਜਾਏ ਤਾਂ ਇਹ ਅਖੰਡ ਪਾਠਾਂ ਦੀਆਂ ਲੜੀਆਂ ਕਰਮਕਾਂਡ ਬਣ ਕੇ ਰਹਿ ਜਾਣਗੀਆਂ । ਨਾਮ ਜਪਣ ਸਮੇਂ ਮਨ ਦੀ ਇਕਾਗਰਤਾ ਜ਼ਰੂਰੀ ਹੈ ਪਰ ਜੇ ਮਨ ਤੇ ਮਨਮੁਖਾਂ, ਵੇਦੀਨਾਂ ਦੇ ਬਣੇ ਖਾਣੇ ਖਾਣ ਪੀਣ ਦੀ ਪਾਹ ਤੇ ਉਹਨਾਂ ਦੀ ਸੰਗਤ ਦੀ ਰੰਗਤ ਚੜ੍ਹੀ ਹੋਈ ਹੈ ਤਾਂ ਕਿਸੇ ਕੀਮਤ ਤੇ ਵੀ 'ਇਕ ਮਨਿ ਇਕ ਚਿਤਿ ਭਾਇ' ਵਾਲੀ ਅਵਸਥਾ ਨਹੀਂ ਆ ਸਕਦੀ ਭਾਵੇਂ ਕੋਈ ਲੱਖ ਜਤਨ ਕਰਕੇ ਦੇਖ ਲਵੇ । ਇਹੀ ਕਾਰਣ ਹੈ ਅੱਜ ਹਰ ਗੁਰਮਤਿ ਤੇ ਚਲਣ ਦੇ ਚਾਹਵਾਨ ਨੂੰ ਇਹ ਸ਼ਿਕਾਇਤ ਹੈ ਕਿ ਨਾਮ ਬਾਣੀ ਵਿਚ ਮਨ ਨਹੀਂ ਲੱਗਦਾ । ਨਾਮ

ਸਿਮਰਨ ਸਮੇਂ, ਬਾਣੀ ਪੜ੍ਹਨ ਸਮੇਂ ਇਹ ਮਨ ਬਹੁਤ ਏਧਰ ਓਧਰ ਭੱਜਦਾ ਹੈ। ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਹੇਠ ਲਿਖੇ ਅਤੇ ਉਤੇ ਵੇਰਵੇ ਸਹਿਤ ਦਰਸਾਏ ਗਏ ਅਸੂਲਾਂ ਦੀ ਪਾਲਣਾ ਕਰਨ ਨਾਲ ਮਨ ਨਿਰਸੰਦੇਹ ਇਕਾਗਰ ਰਹੇਗਾ, ਕੋਈ ਵੀ ਅਜ਼ਮਾਕੇ ਵੇਖ ਸਕਦਾ ਹੈ।

1. ਮਾਸ, ਅੰਡਾ ਨਸ਼ਾ (ਕਿਸੇ ਪ੍ਰਕਾਰ ਦਾ ਵੀ) ਖਾਣਾ ਬਦ ਕਰੇ।
2. ਨਿਗੁਰੇ ਦੀ ਸੰਗਤ ਬੰਦ ਕਰੇ (ਦੋਸਤੀ ਜਾਂ ਰਿਸ਼ਤੇਦਾਰੀ ਨਾਲ ਮਤਲਬ ਹੈ, ਕਾਰੋਬਾਰੀ ਵਿਹਾਰ ਦੀ ਮਨਾਹੀ ਨਹੀਂ)।
3. ਨਿਗੁਰਿਆਂ ਦੇ ਹੱਥਾਂ ਦੇ ਬਣੇ ਪਕਵਾਨ (ਕੱਚੀ ਰਸਦ ਨਾਲ ਮਤਲਬ ਨਹੀਂ) ਖਾਣੇ ਬੰਦ ਕਰੇ।
4. ਨਿਗੁਰਿਆਂ ਦੇ ਕਮਾਏ ਹੋਏ ਧਨ ਦਾ ਭੋਜਨ ਕਰਨ ਨਾਲ ਵੀ ਮਨ ਇਕਾਗਰ ਚਿਤ ਨਹੀਂ ਰਹੇਗਾ। (ਗੁਰੂ ਕੇ ਲੰਗਰ ਵਿਚ ਪਏ ਐਸੇ ਧਨ ਨਾਲ ਮਤਲਬ ਨਹੀਂ)।
5. ਪਤਿਤ, ਤਨਖਾਹੀਆ ਦੇ ਹੱਥੀਂ ਬਣਿਆਂ ਜਾਂ ਉਨ੍ਹਾਂ ਦੀ ਕਮਾਈ ਦਾ ਬਣਿਆ ਭੋਜਨ ਨਾ ਕੀਤਾ ਜਾਏ। ਜੋ ਗੁਰਸਿੱਖ ਬੱਜਰ ਕੁਰਹਿਤਾਂ ਨੂੰ ਛੱਡਕੇ ਪੰਜਾਂ ਪਿਆਰਿਆਂ ਰਾਹੀਂ ਕੀਤੇ ਸਮੂਹ ਹੁਕਮਾਂ ਵਿਚੋਂ ਕਿਸੇ ਵੀ ਹੁਕਮ ਦੀ ਪਾਲਣਾ ਕਰਨ ਤੋਂ ਇਨਕਾਰੀ ਹੈ ਸੋ ਤਨਖਾਹੀਆ ਹੈ।
6. ਮਾਸ ਅੰਡਾ ਖਾਣ ਜਾਂ ਹੋਰ ਨਸ਼ਾ ਕਰਨ ਵਾਲੇ ਮਨੁੱਖ, ਬੀਬੀ ਦੇ ਹੱਥਾਂ ਜਾਂ ਉਹਨਾਂ ਦੀ ਕਮਾਈ ਦਾ ਭੋਜਨ ਨਾ ਕੀਤਾ ਜਾਏ।
7. ਜੇਕਰ ਕਿਸੇ ਨਾਲ ਕੋਈ ਝਗੜਾ ਚਲ ਰਿਹਾ ਹੈ ਜਾਂ ਹੋਰ ਕਿਸੇ ਗੁੰਝਲ ਵਿਚ ਫਸੇ ਹਾਂ ਤਾਂ ਉਸ ਨੂੰ ਜਲਦੀ ਤੋਂ ਜਲਦੀ ਨਿਬੇੜ ਲੈਣਾ ਚਾਹੀਦਾ ਹੈ ਭਾਵੇਂ ਘਾਟਾ ਹੀ ਨਾ ਖਾਣਾ ਪਵੇ।

ਏਸ ਅਸੂਲ ਦੀ ਪ੍ਰੋੜ੍ਹਤਾ ਲਈ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਸਮਝਾਉਣ ਹਿੱਤ ਦੋ ਪ੍ਰਤੱਖ ਕੌਤਕ ਦਰਸਾਏ ਸੀ। ਇਕ ਮਲਕ ਭਾਗੋ ਮਨਮੁੱਖ ਵੇਦੀਨ ਦੇ ਲੁਕਮਿਆਂ ਵਿਚੋਂ ਖੂਨ ਚੁਆਇਆ ਅਤੇ ਦੂਜਾ ਸੁਲਤਾਨ ਪੁਰ ਲੋਧੀ ਵਿਖੇ ਮੁਸਲਮਾਨਾਂ ਦੇ ਸੰਗ ਨਮਾਜ਼ ਵਿਚ ਸ਼ਿਰਕਤ ਸਮੇਂ ਪ੍ਰਤੱਖ ਦਰਸਾਇਆ ਕਿ ਕਿਸੇ ਇਕ ਦਾ ਵੀ ਮਨ ਨਮਾਜ਼ ਪੜ੍ਹਨ ਵਿਚ ਹਾਜ਼ਰ ਨਹੀਂ ਸੀ ਕੋਈ ਕਾਬਲ ਵਿਚ ਘੋੜਿਆਂ ਦੀ ਖਰੀਦ ਕਰ ਰਿਹਾ ਸੀ ਤੇ ਕੋਈ ਘਰ ਵਿਚ ਨਵੀਂ ਸੂਈ ਘੋੜੀ ਦੇ ਵਛੇਰੇ ਦੀ ਸਾਂਭ ਸੰਭਾਲ ਤੋਂ ਚਿੰਤਤ ਸੀ ਆਦਿ।

ਖੰਡੇ ਬਾਟੇ ਦੇ ਅੰਮ੍ਰਿਤ ਵਿਚ ਇਕਾਗਰ ਮਨ ਗੁਰਬਾਣੀ ਪੜ੍ਹਨ ਦਾ ਹੀ ਅਸਰ ਜਲ ਤੇ ਪੈ ਕੇ ਉਹ ਜਲ ਅੰਮ੍ਰਿਤ ਬਣਦਾ ਹੈ। ਅਜ ਅਗਰ ਕਿਸੇ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਣਾ ਕੀਤੀ ਜਾਂਦੀ ਹੈ ਤਾਂ ਕਈ ਵਡਿਆਂ ਵਡਿਆਂ ਅੰਮ੍ਰਿਤਧਾਰੀਆਂ ਦੇ ਨਾਮ ਗਿਣਾ ਦੇਂਦਾ ਹੈ ਤੇ ਇਹ ਕਹਿਣ ਵਿਚ ਬਿਲਕੁਲ

ਨਹੀਂ ਝਿਜਕਦਾ ਕਿ ਇਹਨਾਂ ਦੇ ਮਨ ਤਾਂ ਪੰਜੇ ਹੀ ਦੂਤਾਂ ਦੀ ਤਕੜੀ ਪਕੜ ਵਿਚ ਹਨ ਅਤੇ ਇਕ ਨੰਬਰ ਦੇ ਮਾਯਾਧਾਰੀ ਹਨ ਅਤੇ ਗੁਰਬਾਣੀ ਦਾ ਫੁਰਮਾਨ ਹੈ :

"ਮਾਯਾ ਧਾਰੀ ਅਤਿ ਅੰਨ੍ਹਾ ਬਲਾ" ।

ਇਸ ਠਿੱਗਰ ਸਚਾਈ ਤੋਂ ਅਸੀਂ ਮੁੱਨਕਰ ਨਹੀਂ ਹੋ ਸਕਦੇ ਅਤੇ ਉਸ ਸਮੇਂ ਉਸ ਸਾਹਮਣੇ ਲਾਜਵਾਬ ਹੋ ਜਾਂਦੇ ਹਾਂ ਅਤੇ ਸ਼ਰਮਿੰਦਗੀ ਉਠਾਣੀ ਪੈਂਦੀ ਹੈ । ਪਿਛਲੇ ਦਿਨੀਂ ਮੇਰੇ ਨਿਕਟ ਵਰਤੀ ਨੇ ਵੀ ਮਾਸ ਅਤੇ ਨਿਗੁਰਿਆਂ ਦਾ ਬਣਿਆਂ ਖਾਣ ਵਾਲਿਆਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ ਸੀ । ਫੇਰ ਥੋੜੇ ਅਰਸੇ ਬਾਦ ਪੁਛਿਆ ਕਿ ਰਹਿਤ 'ਚ ਕੋਈ ਢਿਲਿਆਈ ਤਾਂ ਨਹੀਂ ਆਈ ਤਾਂ ਉੱਤਰ ਮਿਲਿਆ, ਜੀ ਅੰਮ੍ਰਿਤ ਟੁਟ ਗਿਆ ਹੈ । ਕਾਰਣ ਸਪੱਸ਼ਟ ਹੈ ਕਿ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਵਾਲੇ ਸਿੰਘਾਂ ਵਿਚ ਮਾਸ (ਝਟਕਾ) ਜਾਂ ਨਿਗੁਰਿਆਂ ਦੇ ਹੱਥੀਂ ਬਣੀਆਂ ਵਸਤਾਂ ਖਾਣ ਵਾਲੇ ਸਿੰਘ ਹੋਣ ਕਾਰਣ ਬਾਣੀ ਪੜ੍ਹਨ ਸਮੇਂ ਮਨ ਦੀ ਇਕਾਗਰਤਾ ਨਾ ਹੋਣ ਕਰਕੇ ਅੰਮ੍ਰਿਤ ਵਿਚ ਕਲਾ ਨਹੀਂ ਵਰਤਦੀ । ਇਸ ਮੁਕਾਬਲੇ ਜਿਹੜੀਆਂ ਸੰਸਥਾਵਾਂ ਮਾਸ ਨਹੀਂ ਖਾਂਦੀਆਂ ਅਤੇ ਨਿਗੁਰਿਆਂ ਦੁਆਰਾ ਬਣੀਆਂ ਵਸਤਾਂ ਨਹੀਂ ਖਾਂਦੇ ਓਹਨਾਂ ਤੋਂ ਅੰਮ੍ਰਿਤ ਛਕਣ ਵਾਲਿਆਂ ਦਾ ਅੰਮ੍ਰਿਤ ਕਦੇ ਟੁਟਦਾ ਨਹੀਂ, ਵੇਖਿਆ ਗਿਆ ਅਤੇ ਆਮ ਤੌਰ ਤੇ ਉਹਨਾਂ ਦੇ 8 ਤੋਂ 15 ਸਾਲ ਦੇ ਬੱਚਿਆਂ ਨੂੰ ਨਿਤਨੇਮ ਦੀਆਂ ਸਤੋਂ ਬਾਣੀਆਂ ਕੰਠ ਹੁੰਦੀਆਂ ਹਨ ਅਤੇ ਕਿਸੇ ਪ੍ਰਕਾਰ ਦੇ ਪਤਿਤ ਪੁਣੇ ਦੀ ਉਮੀਦ ਐਸੇ ਨੌਜਵਾਨਾਂ ਤੋਂ ਸੁਪਨੇ ਵਿਚ ਵੀ ਨਹੀਂ ਕੀਤੀ ਜਾ ਸਕਦੀ ।

ਸੋ ਜਦ ਇਕ ਅੰਮ੍ਰਿਤਧਾਰੀ ਸਿੰਘ ਜਾਂ ਸਿੰਘਣੀ (ਰਹਿਤ ਵਿਚ ਪ੍ਰਪੱਕ) ਨਾਮ ਬਾਣੀ ਦੇ ਰੰਗਾਂ ਵਿਚ ਰੰਗਿਆ ਹੋਇਆ ਕੋਈ ਖਾਣ ਪੀਣ ਦੀ ਵਸਤੂ / ਭੋਜਨ ਤਿਆਰ ਕਰਦਾ / ਕਰਦੀ ਹੈ ਤਾਂ ਉਹ ਭੋਜਨ ਹਰ ਹਾਲਤ ਵਿਚ ਅੰਮ੍ਰਿਤ ਰੂਪ ਹੋ ਨਿਬੜਦਾ ਹੈ ਅਤੇ ਇਸਦੇ ਛਕਣਹਾਰੇ ਦੇ ਮਨ ਤੇ ਬਹੁਤ ਅੱਛਾ ਅਸਰ ਪੈਂਦਾ ਹੈ । ਉਸ ਦਾ ਮਨ ਨਾਮ ਬਾਣੀ ਦੇ ਸਿਮਰਨ ਸਮੇਂ ਕਦੇ ਏਧਰ ਓਧਰ ਨਹੀਂ ਭੱਜੇਗਾ । ਇਸ ਦੇ ਉਲਟ ਮਨਮੁਖ, ਵੇਦੀਨ, ਨਿਗੁਰੇ ਪੁਰਖ / ਬੀਬੀ ਦੇ ਹੱਥੀਂ ਸਜਾਇਆ ਭੋਜਨ ਆਤਮਿਕ ਜ਼ਹਿਰ ਹੀ ਹੋਵੇਗਾ ਕਿਉਂਕਿ ਭੋਜਨ ਤਿਆਰ ਕਰਦੇ ਸਮੇਂ ਉਸ ਦਾ ਮਨ ਨਾਮ-ਬਾਣੀ ਦੇ ਸਿਮਰਨ ਦੇ ਬਜਾਇ—ਗੰਦੇ ਗੀਤਾਂ ਜਾਂ ਦੁਨਿਆਵੀ ਝਮੇਲਿਆਂ ਵਿਚ ਵਿਚਰਦਾ ਹੈ ।

ਸੋ ਦਾਸ ਦੀ ਬੇਨਤੀ ਹੈ ਕਿ ਜੋ ਵੀ ਇਸ ਲਿਖਤ ਨੂੰ ਪੜ੍ਹੇ, ਸੱਚੇ ਦਿਲੋਂ ਆਪਣੇ ਮਨ ਨਾਲ ਵਿਚਾਰ ਕਰਕੇ ਵੇਖੇ ਸੱਚਮੁਚ ਹੀ ਅੰਗਰੇਜ਼ ਨੇ ਉਤੇ ਦੱਸੀਆਂ ਹਰਕਤਾਂ ਸਿੱਖਾਂ ਨੂੰ ਸਿੱਖੀ ਸਪਿਰਟ ਤੋਂ ਹੀਣ ਕਰਨ ਲਈ ਨਹੀਂ

ਕੀਤੀਆਂ ਸੀ ? ਇਹ ਸੁਖੈਨ ਹੀ; ਸਤਿਗੁਰੂ ਜੀ ਦੇ ਹੇਠ ਲਿਖੇ ਫੁਰਮਾਨਾਂ ਨੂੰ ਆਪਣੇ ਮਨ ਨਾਲ ਵਿਚਾਰ ਕਰਕੇ ਇਹ ਵੇਖਣ ਵਿਚ, ਕਿ ਕੀ ਸਾਡਾ ਮਨ ਇਨ੍ਹਾਂ ਫੁਰਮਾਨਾਂ ਦਾ ਹਾਣੀ ਹੈ, ਨਾਲ ਪਤਾ ਚਲ ਜਾਏਗਾ :

1. ਚਉਥੇ ਪਹਰ ਸਬਾਹ ਕੇ (ਪਹੁ-ਫੁਟਾਲਾ ਹੋਣ ਤੋਂ ਤਿੰਨ ਘੰਟੇ ਪਹਿਲਾਂ) ਸੁਰਤਿਆਂ ਉਪਜੈ ਚਾਉ ॥
   ਉਹਨਾਂ ਦਰਯਾਵਾਂ ਸਿਉ ਦੋਸਤੀ (ਅੰਮ੍ਰਿਤ ਵੇਲੇ ਦਾ ਪੂਰੇ ਸਰੀਰ ਦਾ ਸਕੇਸ਼ ਇਸ਼ਨਾਨ) ਮਨਿ ਮੁਖਿ ਸਚਾ ਨਾਉ। ਅੰਮ੍ਰਿਤ ਵੇਲੇ ਦਾ ਨਾਮ ਅਭਿਆਸ ਅਤੇ ਨਿਤਨੇਮ ਦੀਆਂ ਬਾਣੀਆਂ ਦਾ ਇਕ ਮਨ ਇਕ ਚਿਤ ਹੋ ਕੇ ਪਾਠ ਕਰਨਾ। (ਅੰਗ 146)
2. ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ (ਅੰਗ 1099)
3. ਜੋ ਸਾਸਿ ਗ੍ਰਾਸਿ ਧਿਆਏ ਮੇਰਾ ਹਰਿ ਹਰਿ
   ਸੋ ਗੁਰਸਿਖੁ ਗੁਰੂ ਮਨ ਭਾਵੈ ॥ (ਅੰਗ 304)
4. ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥(697)
5. ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥
   ਜਿਨ੍ਹਾਂ ਨੂੰ ਨਾਮ ਦਾ ਰਸ ਨਹੀਂ ਆਇਆ ਅਵੱਸ਼ ਹੀ ਜਮਾਂ ਦੀ ਫਾਹੀ ਵਿਚ ਪੈਣਗੇ। (ਅੰਗ 12)
6. ਹਰਿ ਕਾ ਨਾਮੁ ਜਿਨਿ ਮਨਿ ਨ ਅਰਾਧਾ (ਇਕਾਗਰ ਚਿਤ ਨਾਲ)
   ਚੋਰ ਕੀ ਨਿਆਈ ਜਮ ਪੁਰਿ ਬਾਧਾ ॥ (ਅੰਗ 240)

ਸੋ ਸੰਗਤਾਂ ਪ੍ਰਤਿ ਦੋ ਹੱਥ ਜੋੜ ਅਤਿ ਨਿਮਰਤਾ ਸਹਿਤ ਬੇਨਤੀ ਹੈ ਕਿ ਪੰਥ ਦੇ ਵੱਡੇ ਭਲੇ ਲਈ ਅਤੇ ਆਪਣੇ ਜੀਵਨ ਦੀ ਸਫਲਤਾ ਹਿਤ ਸਤਿਗੁਰੂ ਜੀ ਦੇ ਉਪਰੋਕਤ ਦਰਸਾਏ ਹੁਕਮਾਂ ਤੇ ਪਹਿਰਾ ਦੇਣ ਦਵਾਉਣ ਤੇ ਵਧ ਤੋਂ ਵਧ ਜਤਨ ਕਰਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੀਏ ਅਤੇ ਸਰਬ ਜਗਤ ਵਿਚ ਖਾਲਸਾ ਪੰਥ ਦੀਆਂ ਖੁਸ਼ਬੂਆਂ ਫੈਲਾਈਏ ਅਤੇ ਸੰਸਾਰ ਦੇ ਲੋਕਾਂ ਵਿਚ ਸਿੱਖਾਂ ਦੇ ਸ਼ਰਾਬੀ ਕਬਾਬੀ ਹੋਣ (ਜੋ ਇਕ ਸਚਾਈ ਹੈ) ਦੇ ਵਿਚਾਰ ਨੂੰ ਜੜ੍ਹੋਂ ਪੁੱਟ ਸੁੱਟੀਏ। ਕ੍ਰਿਪਾ ਕਰਕੇ ਆਪ ਪੜ੍ਹ ਕੇ ਵਧ ਤੋਂ ਵਧ ਹੋਰਨਾਂ ਨੂੰ ਵੀ ਪੜ੍ਹਾਉਣ ਦੀ ਸੇਵਾ ਕਮਾਓ ਜੀ।

ਭੁੱਲਾਂ ਚੁੱਕਾਂ ਲਈ ਅਲਪਗ ਜੀਵ ਹੋਣ ਨਾਤੇ ਮਾਫੀ ਬਖਸ਼ਣੀ ਜੀ।

ਦਾਸਨ ਦਾਸ :
ਹਰਮਹਿੰਦਰ ਸਿੰਘ, ਸਾਬਕਾ ਮੀਤ ਸਕੱਤਰ
ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ

ਲਾਕਿਟ ਪ੍ਰਿੰਟਰਜ਼, ਚੌਂਕ ਬਾਬਾ ਭੌੜੀ, ਅੰਮ੍ਰਿਤਸਰ; ਫੋਨ : 2540668

18. ਮਾਂ ਪਿਉ ਪਰਹਰਿ (ਮਾਂ ਪਿਉ ਦੀ ਸੇਵਾ ਭੁਲਾ ਕੇ) ਕਰੇ ਦਾਨੁ, ਬਈਮਾਨ ਅਗਿਆਨ ਪ੍ਰਾਣੀ......ਗੁਰ ਪਰਮੇਸਰੁ ਸਾਰੁ ਨ ਜਾਣੀ ।। (ਵਾਰ 37)
19. ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ।। (1350)
20. ਨਾਨਕ ਕਚੜਿਆਂ ਸਿਉ ਤੋੜਿ ।। ਢੂਢਿ ਸਜਣ ਸੰਤ ਪਕਿਆ ।।
ਓਇ ਜੀਵਦੇ ਵਿਛੜਹਿ ਓਇ ਮੁਇਆ ਨ ਜਾਹੀ ਛੋੜਿ ।। (ਅੰਗ 1102)
21. ਫਰੀਦਾ ਪਿਛਲ ਰਾਤਿ ਨ ਜਾਗਓਹਿ ਜੀਵਦੜੋ ਮੋਇਓਹਿ ।।(ਅੰਗ 1383)
22. ਜਤੁ ਸੰਜਮੁ ਤੀਰਥ ਓਨ੍ਹਾ ਜੁਗਾਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ।।
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ।।(ਅੰਗ 79)

ਆਪ ਹੁਦਰਾ ਨਾਮ ਜਪਿਆ ਅਥਵਾ ਬਿਨਾ ਗੁਰੂ ਤੋਂ ਨਾਮ ਪ੍ਰਾਪਤ ਕੀਤੇ ਜਪਿਆ ਨਾਮੁ ਥਾਇ ਨਹੀਂ ਪੈਂਦਾ । ਦੇਖੋ ਗੁਰ ਫੁਰਮਾਨ :

(ੳ) ਜਿਨੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ ਸੇ ਦੀਵਾਲੀਏ ਜੁਗ ਮਾਹਿ।।(852)
ਏਥੇ ਗੁਰਮੁਖਿ ਦੇ ਖਖੇ ਨੂੰ ਸਿਹਾਰੀ ਲਗਣ ਨਾਲ ਅਰਥ ਇਹ ਬਣਦਾ ਹੈ ਕਿ ਜਿਨਾ ਨੇ ਗੁਰੂ ਤੋਂ ਨਾਮੁ ਲਏ ਬਿਨਾ ਜਾਂ ਗੁਰੂ ਦਵਾਰਾ ਨਾਮੁ ਲੈ ਕੇ ਨਹੀਂ ਜਪਿਆ
(ਅ) ਮਨਮੁਖ ਭਗਤ ਕਰਹਿ ਬਿਨੁ ਸਤਿਗੁਰ
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ।। (ਅੰਗ 768)
(ੲ) ਜਿਨੀ ਗੁਰਮੁਖਿ ਨ ਚੇਤਿਉ ਸੇ ਬਹਣਿ ਨ ਮਿਲਨੀ ਪਾਸਿ ।।
ਦੁਖ ਲਗਾ ਬਹੁ ਅਤਿ ਘਣਾ ਪੁਤੁ ਕਲਤੁ ਨ ਸਾਥਿ ਕੋਈ ਜਾਸਿ ।। (643)
23. ਇਕ ਕਹਾਵਤ "ਇਹ ਜਗ ਮਿਠਾ ਅਗਲਾ ਕਿਨ ਡਿਠਾ"
ਸ੍ਰੀ ਗੁਰੂ ਨਾਨਕ ਸਾਹਿਬ ਜਿਨਾ ਨੇ ਆਪਣੀਆਂ ਅੱਖਾਂ ਨਾਲ ਅਗਲਾ ਜਗ ਡਿਠਾ ਹੈ ਉਹ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 373 ਤੇ ਦਸਿਆ ਹੈ :
"ਪਰਮੇਸੁਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ ।।"
(ੳ) ਜਿਤਨੇ ਨਰਕ ਸੇ ਮਨਮੁਖ ਭੋਗੈ ਗੁਰਮੁਖਿ ਲੇਪ ਨ ਮਾਸਾ ਹੇ ।। (ਅੰਗ 1073)
(ਅ) ਹਰਿ ਕਾ ਨਾਮ ਜਿਨ ਮਨ ਨ ਅਰਾਧਾ ਚੋਰ ਕੀ ਨਿਆਈ ਜਮ ਪੁਰ ਬਾਧਾ।।(240)
(ੲ) ਰਸਨਾ ਜਪੈ ਨ ਨਾਮ ਤਿਲ ਤਿਲ ਕਰਿ ਕਟੀਐ ।। (ਅੰਗ 1362)
(ਸ) ਜਾ ਜਮ ਆਇ ਝੋਟਪਕਰੈ ਤਬਹਿ ਕਾਹੇ ਰੋਇਆ ।। (ਅੰਗ 481)
(ਹ) ਹਉਮੈ ਜਲਿਆ ਮਨਹੁ ਵਿਸਾਰੇ ।। ਜਮ ਪੁਰਿ ਵਜਹਿ ਖੜਗ ਕਰਾਰੇ ।।
ਅਬ ਕੈ ਕਹਿਐ ਨਾਮ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ।। (ਅੰਗ 993)
(ਕ) ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤਥਮ ਗਲਿ ਲਾਇ ।। (ਅੰਗ 1001)
(ਖ) ਪਾਪੀ ਕਰਮ ਕਮਾਵਦੇ ਕਰਦੇ ਹਾਇ ਹਾਇ ।।
(ਗ) ਨਾਨਕ ਜਿਉ ਮਥਨਿ ਮਾਧਾਣੀਆਂ ਤਿਉ ਮਥੇ ਧਰਮ ਰਾਇ ।। (ਅੰਗ 1425)
(ਘ) ਤਕਹਿ ਨਾਰਿ ਪਰਾਈਆ ਲੁਕਿ ਅੰਦਰ ਠਾਣੀ ।।
(ਙ) ਅਜਰਾਈਲ ਫਰੇਸ਼ਤਾ ਤਿਲ ਪੀੜੇ ਘਾਣੀ ।। (ਅੰਗ 179)
ਚੌਰਾਸੀਹ ਨਰਕ ਸਾਕਤ ਭੋਗਾਈਐ ।। ਜੈਸਾ ਕੀਚੈ ਤੈਸੋ ਪਾਈਐ ।।
(ਚ) ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੇ ।। (1028)
(ਛ) ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ।।
(ਉਥੇ ਹਾਹਾਕਾਰ ਮਚੀ ਪਈ ਹੈ) । (ਅੰਗ 1383)

(ਜ) ਕਰ ਗੁਮਾਨ ਚੁਬਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ ॥ (ਅੰਗ 969)

(ਝ) ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥ (ਅੰਗ 1247)

(ਞ) ਨਾਮ ਵਿਹੂਣੇ ਪਚਿ ਮੁਏ ਭਾਈ ਗਣਤਨ ਜਾਇ ਗਣੀ ॥ (ਅੰਗ 608)

(ਟ) ਵਡਾ ਹੋਆ ਦੁਨੀਦਾਰੁ ਗਲਿ ਸੰਗਲ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥
ਮਨਿ ਅੰਧੈ ਜਨਮੁ ਗਵਾਇਆ ॥ (ਅੰਗ 462)

(ਠ) ਨਰਕ ਕੂਪ ਮਹਿ ਗੋਤੇ ਖਾਹੈ ਜਿਓ ਜਲ ਤੇ ਬਾਹਰਿ ਮੀਨਾ ਹੇ ॥ (ਅੰਗ 1028)

(ਡ) ਕਬੀਰ ਜਮ ਦਾ ਠੇਗਾ ਬੁਰਾ ਹੈ ਓਹੁ ਨ ਸਹਿਆ ਜਾਇ ॥ (ਅੰਗ 1368)

(ਢ) ਹਰਿ ਦਰਗਹ ਜਨ ਪੈਨਾਈਅਨਿ ਜਿਨ ਹਰਿ ਮਨਿ ਵਸਿਆ ਆਇ ॥ (1316)

ਕੁਝ ਮੌਜੂਦਾ ਸਮੇਂ ਵਿਚ ਜੀਵਨ ਮੁਕਤ ਗੁਰੂ ਪਿਆਰਿਆ ਦੇ ਅਮੋਲਕ ਬਚਨ

24. ਗੁਰਬਾਣੀ ਵਿਚ ਗੁਰਬਾਣੀ ਬਾਰ ਬਾਰ ਪੜੀ ਜਾਣ ਨਾਲੋਂ ਗੁਰਬਾਣੀ ਵਿਚ ਦਰਸਾਏ ਗੁਰਮਤਿ ਅਸੂਲਾਂ ਉਤੇ ਚਲਣ ਅਤੇ ਦਿਨਰਾਤ ਸਾਸਗ੍ਰਿਾਸ ਨਾਮ ਜਪੀ ਜਾਣ ਉਤੇ ਵਧੇਰੇ ਅਤੇ ਵਿਸ਼ੇਸ਼ ਜ਼ੋਰ ਦਿਤਾ ਹੈ। ਦੇਖੋ :

(ੳ) ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਣੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ (ਅੰਗ 699)

(ਅ) ਜਬ ਲਗ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥ (ਅੰਗ 400)

(ੲ) ਹੁਕਮ ਮੰਨਿਐ ਹੋਵੈ ਪਰਵਾਣੁ ਤਾਂ ਖਸਮੈ ਕਾ ਮਹਲੁ ਪਾਇਸੀ ॥ (ਅੰਗ 471)

(ਸ) ਸਲਾਮੁ ਜਬਾਬੁ ਦੋਵੈਂ ਕਰੇ ਮੁੰਢਹੁ ਘੁਥਾ ਜਾਇ ॥
ਨਾਨਕ ਦੋਵੈਂ ਕੂੜੀਆਂ ਥਾਇ ਨ ਕਾਈ ਪਾਇ ॥ (ਅੰਗ 464)

(ਹ) ਬਾਣੀ ਗੁਰੂ ਗੁਰੂ ਹੈ ਬਾਣੀ ... ... ਗੁਰਬਾਣੀ ਕਹੈ ਸੇਵਕ ਜਨ ਮਾਨੈ ਪ੍ਰਤਿ ਗੁਰੂ ਨਿਸਤਾਰੇ ॥ (ਅੰਗ 982)

(ਕ) ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ (ਅੰਗ 2)

(ਖ) ਤਿਨ ਕੀ ਧੂਰਿ ਨਾਨਕ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ ॥ (618)

(ਗ) ਜੋ ਸਾਸਿ ਗ੍ਰਿਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨ ਭਾਵੈ ॥ (305)

(ਘ) ਜਿਨ ਹਰਿ ਹਿਰਦੈ ਨਾਮੁ ਨ ਵਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥ (697)

(ਙ) ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥ ... ...
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ (ਅੰਗ 464)

25. ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ ॥ (ਅੰਗ 550)

26. ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ ॥ (ਅੰਗ 209)

27. ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ ॥ (ਅੰਗ 823)